ਜੀਵਨ

ਅਕਾਲੀ ਬਾਬਾ ਫੂਲਾ ਸਿੰਘ



ਧਰਮ ਪ੍ਰਚਾਰ ਕਮੇਟੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜੀਵਨ – ਅਕਾਲੀ ਬਾਬਾ ਫੂਲਾ ਸਿੰਘ

ਪਹਿਲਾਂ ਛਪਿਆਂ - 15,000 ਕਾਪੀਆਂ

ਦਸੰਬਰ 2018 - 5,000 ਕਾਪੀਆਂ

ਭੇਟਾ ਰਹਿਤ

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ-110001.
ਫ਼ੋਨ : 23712580, 23712581, 23712582
23737328, 23737329
ਫ਼ੈਕਸ : 23317511

ਛਾਪਕ :
ਗੁਰ ਉਪਦੇਸ਼ ਪ੍ਰਿੰਟਰਜ਼
ਗੁਰੂ ਗ੍ਰੰਥ ਸਾਹਿਬ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ-੧੧੦੦੦੧.

ਅਕਾਲੀ ਬਾਬਾ ਫੂਲਾ ਸਿੰਘ

ਜਨਮ ਸਮੇਂ ਦੇ ਹਾਲਾਤ :

ਭਾਈ ਈਸ਼ਰ ਸਿੰਘ ਪਿੰਡੀ ਸ਼ੀਹਾਂ ਦਾ ਰਹਿਣ ਵਾਲਾ ਸੀ। ਇਹ ਪਿੰਡ ਬਾਂਗਰ ਦੇ ਇਲਾਕੇ ਵਿਚ ਪੈਂਦਾ ਸੀ। ਈਸ਼ਰ ਸਿੰਘ ਗੁਰਬਾਣੀ ਦੇ ਰੰਗ ਵਿਚ ਰੰਗਿਆ ਹੋਇਆ ਇਕ ਪੂਰਨ ਗੁਰਸਿੱਖ ਸੀ। ਸਧਾਰਨ ਜਿਹੇ ਘਰ ਵਿਚ ਰਹਿਣ ਵਾਲਾ ਇਹ ਗੁਰਸਿੱਖ ਸੇਵਾ, ਸਿਮਰਨ ਅਤੇ ਵੰਡ ਕੇ ਛਕਣ ਵਰਗੇ ਗੁਣਾਂ ਨਾਲ ਸੱਜਿਆ ਹੋਣ ਕਰਕੇ ਸਾਰੇ ਇਲਾਕੇ ਵਿਚ ਬੜਾ ਹਰਮਨ ਪਿਆਰਾ ਸੀ। ਇਸ ਦੇ ਘਰ 1761 ਈ: ਨੂੰ ਇਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਗੁਰੂ ਕੀ ਸੰਗਤ ਨੇ ਫੂਲਾ ਸਿੰਘ ਰੱਖਿਆ। ਬਾਲਕ ਫੂਲਾ ਸਿੰਘ ਅਜੇ ਇਕ ਸਾਲ ਦਾ ਹੀ ਸੀ ਜਦੋਂ ਸਾਰੇ ਪੰਜਾਬ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦੀ ਖਬਰ ਘਰ ਘਰ ਫੈਲੀ ਹੋਈ ਸੀ ।ਉਸ ਦਾ ਇਹ ਛੇਵਾਂ ਹੱਲਾ ਨਿਰੋਲ ਸਿੱਖਾ ਦਾ ਖੁਰਾ ਖੋਜ ਮਿਟਾਉਣ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਪੰਜਾਬ ਵਿਚ ਆ ਕੇ ਇਸ ਨੇ ਸਿੱਖਾ ਉਪਰ ਅੱਤ ਦਾ ਕਹਿਰ ਵਰਤਾਉਣਾ ਆਰੰਭ ਕਰ ਦਿੱਤਾ। ਸਿੱਖ ਵੀ ਚੁੱਪ ਕਰਕੇ ਬੈਠਣ ਵਾਲੇ ਨਹੀ ਸਨ। ਉਹਨਾ ਨੇ ਦੁਸ਼ਮਣ ਦੀ ਹਰ ਚਾਲ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ।

ਸਤਿਗੁਰੂ ਦਾ ਓਟ ਅਸਰਾ ਲੈ ਕੇ ਇਕ ਗੁਰਮਤਾ ਸੋਧਿਆ ਗਿਆ ਕਿ ਸਮੱਚਾ ਖਾਲਸਾ ਪੰਥ ਜਗਰਾਵਾਂ ਦੇ ਨੇੜੇ ਪਹੁੰਚ ਜਾਵੇ ਅਤੇ ਵੈਰੀ ਨੂੰ ਸਬਕ ਸਿਖਾਉਣ ਲਈ ਜੰਗ ਛੇੜ ਦਿਤੀ ਜਾਵੇ, ਮਾਲਵੇ ਦਾ ਉਹ ਇਲਾਕਾ ਜਿੱਥੇ ਕਈ ਕਈ ਕੋਹ ਪਾਣੀ ਨਜ਼ਰ ਨਹੀ ਅਉਂਦਾ ਵਾਲੇ ਪਾਸੇ ਦੁਸ਼ਮਣ ਨੂੰ ਖਿਚਿਆ ਜਾਵੇ ਤਾਂਕਿ ਮਾਰੂਥਲਾਂ ਵਿਚ ਜਾ ਕੇ ਇਹਨਾ ਕਾਬਲੀ ਬਿੱਲਿਆ ਨੂੰ ਐਸੇ ਹੱਥ ਦਿਖਾਏ ਜਾਣ ਕਿ ਇਹ ਕਦੇ ਪੰਜਾਬ ਵਾਲੇ ਪਾਸੇ ਆਉਣ ਦੀ ਸੁਪਨੇ ਵਿਚ ਵੀ ਸੋਚਣ ਜੋਗੇ ਨਾ ਰਹਿਣ'।

ਭਾਈ ਈਸ਼ਰ ਸਿੰਘ ਸਿੱਖਾਂ ਦੀਆਂ ਬਾਰਾ ਮਿਸਲਾਂ ਵਿਚੋ ਮਿਸਲ ਨਿਸ਼ਾਨ ਵਾਲੀ ਦਾ ਜੁਝਾਰੂ ਸਿੰਘ ਸੀ ।ਇਸ ਮਿਸਲ ਦੇ ਸਿੰਘਾ ਨੇ ਵੀ ਵੈਰੀ ਦਾ ਡਟ ਕੇ ਟਾਕਰਾ ਕੀਤਾ । ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਅਤੇ ਫੱਟੜ ਹੋਣ ਵਾਲਿਆ ਦੀ ਗਿਣਤੀ ਵੀ ਕਾਫੀ ਸੀ । ਜੰਗ ਵਿਚ ਈਸ਼ਰ ਸਿੰਘ ਨੂੰ ਗਹਿਰਾ ਜਖਮ ਲੱਗਿਆ ਜਿਸ ਕਰਕੇ ਇਹ

ਆਪਣੇ ਜੱਥੇ ਨਾਲ ਅੱਗੇ ਨਾ ਵੱਧ ਸਕਿਆ । ਰਾਤ ਦੇ ਹਨੇਰੇ ਦਾ ਲਾਭ ਉਠਾ ਕੇ ਜਖ਼ਮੀਆਂ ਨੂੰ ਮੈਦਾਨ ਵਿਚੋਂ ਚੁੱਕ ਕੇ ਇਕ ਇਕਾਂਤ ਵਾਲੇ ਪਾਸੇ ਲਿਟਾ ਦਿੱਤਾ ਗਿਆ । ਜਿਥੋਂ ਇਨ੍ਹਾਂ ਨੂੰ ਘਰ ਘਰ ਪਹੰਚਾਉਣ ਦਾ ਪ੍ਰਬੰਧ ਕੀਤਾ ਗਿਆ । ਜਖ਼ਮੀ ਹੋਇਆ ਭਾਈ ਈਸ਼ਰ ਸਿੰਘ ਵੀ ਹੋਰਾਂ ਨਾਲ ਅਪਣੇ ਪਿੰਡ ਪਹੁੰਚਾ ਦਿੱਤਾ ਗਿਆ, ਜਿਥੇ ਇਸ ਦਾ ਇਲਾਜ ਕੀਤਾ ਗਿਆ। ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਦਾ ਵੱਡਾ ਘੱਲੂਘਾਰਾ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਇਹਨਾਂ ਦਿਨਾਂ ਵਿਚ ਹੀ ਭਾਈ ਈਸ਼ਰ ਸਿੰਘ ਦੇ ਘਰ ਦੂਜੇ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਸੰਤ ਸਿੰਘ ਰੱਖਿਆ ਗਿਆ ।ਜਖ਼ਮਾਂ ਦਾ ਠੀਕ ਇਲਾਜ ਨਾ ਹੋਣ ਕਰਕੇ ਅੱਲ੍ਹੇ ਜਖ਼ਮ ਵਿਗੜ ਗਏ। ਆਪਣੀ ਨਾਜਕ ਹਾਲਤ ਨੂੰ ਦੇਖਕੇ ਹੋਏ ਉਸ ਨੇ ਅਪਣੇ ਇਕ ਸਾਥੀ ਬਾਬਾ ਨਰੈਣ ਸਿੰਘ ਅਕਾਲੀ ਨੂੰ ਅਪਣੇ ਘਰ ਬੁਲਾਇਆ ਅਤੇ ਅਪਣੇ ਵੱਡੇ ਪੁੱਤਰ ਫੂਲਾ ਸਿੰਘ ਦਾ ਹੱਥ ਉਸ ਨੂੰ ਸੌਂਪ ਦਿੱਤਾ ।ਬਾਬਾ ਨਰੈਣ ਸਿੰਘ ਅਕਾਲੀ ਜੱਥੇ ਦੇ ਮਸ਼ਹੂਰ ਗੁਰਸਿੱਖ ਸਨ।

ਬਾਲ ਅਵਸਥਾ :

ਫੂਲਾ ਸਿੰਘ ਦਾ ਬਚਪਨ ਪੂਰਨ ਗੁਰਸਿੱਖ ਸਿੰਘਾਂ ਦੀ ਸੰਗਤ ਵਿਚ ਰਹਿੰਦੇ ਹੋਏ ਬੀਤਿਆ। ਕੇਵਲ 10 ਕੁ ਸਾਲ ਦੀ ਉਮਰ ਵਿਚ ਹੀ ਇਸ ਨੇ ਨਿਤਨੇਮ ਦੀਆਂ ਬਾਣੀਆਂ ਦੇ ਨਾਲ ਨਾਲ ਅਕਾਲ ਉਸਤਤ, ਸਵੈਯੇ ਅਦਿਕ ਬਾਣੀਆਂ ਵੀ ਜੁਬਾਨੀ ਯਾਦ ਕਰ ਲਈਆਂ ।ਸੰਥਿਆ ਲੈਣ ਪਿਛੋਂ ਜਦ ਤੱਕ ਸਾਰੀ ਬਾਣੀ ਕੰਠ ਨਾ ਹੋ ਜਾਂਦੀ ਬਾਲਕ ਫੂਲਾ ਸਿੰਘ ਹੋਰ ਪਾਸੇ ਧਿਆਨ ਨਾ ਲਗਾਉਂਦਾ। ਇਹ ਖੇਡ ਕੁੱਦਣ ਸਮੇਂ ਵੀ ਮੂੰਹ ਵਿਚ ਗੁਰਬਾਣੀ ਦਾ ਪਾਠ ਹੀ ਕਰਦਾ ਰਹਿੰਦਾ ਸੀ ,ਜਿਸ ਕਰਕੇ ਜੱਥੇ ਦੇ ਸਾਰੇ ਸਿੰਘ ਇਸ ਨਾਲ ਬਹੁਤ ਪਿਆਰ ਕਰਦੇ ਸਨ।

ਸ਼ਸਤ੍ਰ ਵਿਦਿਆ :

ਜਦ ਬਾਬਾ ਨਰੈਣ ਸਿੰਘ ਜੀ ਨੇ ਦੇਖਿਆ ਕਿ ਫੂਲਾ ਸਿੰਘ ਧਾਰਮਿਕ ਵਿਦਿਆ ਵਿਚ ਨਿਪੁੰਨ ਹੋ ਗਿਆ ਹੈ ਤਾਂ ਉਸ ਨੂੰ ਸ਼ਸਤ੍ਰ ਵਿਦਿਆ ਦੇਣੀ ਸ਼ੁਰੂ ਕੀਤੀ ਗਈ। ਉਸ ਸਮੇਂ ਹਰ ਸਿੱਖ ਬੱਚੇ ਲਈ ਇਹ ਵਿਦਿਆ ਸਿੱਖਣੀ ਜਰੂਰੀ ਹੁੰਦੀ ਸੀ ।ਬਾਬਾ ਨਰੈਣ ਸਿੰਘ ਜੀ ਬਾਲਕ ਫੂਲਾ ਸਿੰਘ ਨਾਲ ਬਹੁਤ ਪਿਆਰ ਕਰਦੇ ਸਨ। ਇਸ ਲਈ ਕਦੇ ਕਦੇ ਉਹ ਆਪ ਫੂਲਾ ਸਿੰਘ ਨੂੰ ਤਲਵਾਰ ਚਲਾਉਂਣ ਦੇ ਕਰਤੱਬ ਸਿਖਾਉਂਦੇ ਸਨ। ਛੇਤੀ ਹੀ ਇਹ ਘੋੜ ਸਵਾਰੀ, ਤੀਰ ਅੰਦਾਜੀ ਅਤੇ ਤਰਵਾਰ ਬਾਜੀ ਵਿਚ ਪੂਰੀ ਤਰਾਂ ਨਿਪੁੰਨ ਹੋ ਗਿਆ। ਫੂਲਾ ਸਿੰਘ ਤਲਵਾਰ ਦੇ ਜੌਹਰ ਦਿਖਾਉਂਣ ਵਿਚ ਬੜਾ ਆਨੰਦ ਪ੍ਰਾਪਤ ਕਰਦਾ ਸੀ । ਅਭਿਆਸੀ ਜੰਗਾਂ ਵਿਚ ਫੂਲਾ ਸਿੰਘ ਦੇ ਜੋਸ਼ ਅਤੇ ਦ੍ਰਿੜਤਾ ਨੂੰ ਦੇਖ ਕੇ ਬਾਬਾ ਨਰੈਣ ਸਿੰਘ ਜੀ ਬਹੁਤ ਖੁਸ਼ ਹੁੰਦੇ ।

ਮਾਂ ਦਾ ਵਿਛੋੜਾ :

ਫੂਲਾ ਸਿੰਘ ਦੀ ਮਾਂ ਆਪਣੇ ਸਪੁੱਤਰ ਨੂੰ ਵੱਧਦਾ ਫੁੱਲਦਾ ਦੇਖ ਕੇ ਬਹੁਤ ਖੁਸ਼ ਹੁੰਦੀ। ਇਕ ਦਿਨ ਅਚਾਨਕ ਉਹ ਐਸੀ ਡਿੱਗੀ ਕਿ ਸੁੱਧ ਬੁੱਧ ਭੁੱਲ ਗਈ। ਅੰਤਮ ਸਮਾਂ ਆਇਆ ਦੇਖ ਕੇ ਅਪਣੇ ਪੁੱਤਰ ਫੂਲਾ ਸਿੰਘ ਨੂੰ ਕੋਲ ਬੁਲਾਇਆ ਅਤੇ ਸਿੱਖਿਆ ਦਿੱਤੀ । ਉਸ ਦੀ ਇਹ ਸਿੱਖਿਆ ਜੇਕਰ ਅੱਜ ਦੀਆਂ ਮਾਵਾਂ ਅਪਣੇ ਪੁਤਰਾਂ ਨੂੰ ਦੇਣ ਦੀ ਕੋਸ਼ਿਸ ਕਰਨ ਤਾਂ ਖਾਲਸਾ ਪੰਥ ਦੀ ਡੁੱਬਦੀ ਜਾ ਰਹੀ ਬੇੜੀ ਨੂੰ ਅਜੇ ਵੀ ਬਚਾਇਆ ਜਾ ਸਕਦਾ ਹੈ ।

ਫੂਲਾ ਸਿੰਘ ਦੀ ਮਾਂ ਨੇ ਸਮਝਾਇਆ, ਪੁੱਤਰਾ! ਤੂੰ ਅਪਣੇ ਬਹਾਦਰ ਪਿਤਾ ਦਾ ਲਾਡਲਾ ਪੁਤਰ ਏਂ। ਸਾਰੀ ਜਿੰਦਗੀ ਸੱਚ ਧਰਮ ਨੂੰ ਨਿਬਾਹੀਂ ਅਤੇ ਕਦੇ ਕਿਸੇ ਕੋਲੋਂ ਡਰੀਂ ਨਾ।ਗੁਰਬਾਣੀ ਦੀ ਸਿੱਖਿਆ ਸਦਾ ਅਪਣੇ ਮਨ ਵਿਚ ਵਸਾਈਂ ਰੱਖੀ ,ਇਹ ਹਮੇਸ਼ਾ ਸਹਾਈ ਹੋਣ ਵਾਲੀ ਹੈ। ਕਦੇ ਵੀ ਕੋਈ ਖਤਰਾ ਆਵੇ ,ਗੁਰੂ ਕਲਗੀਧਰ ਪਾਤਸ਼ਾਹ ਦਾ ਧਿਆਨ ਧਰ ਕੇ ਮੁਕਾਬਲਾ ਕਰੀਂ।ਅਪਣੀ ਜਾਨ ਉਤੇ ਖੇਡ ਕੇ ਵੀ ਅਪਣੇ ਧਰਮ ਵਿਰਸੇ ਨੂੰ ਅਮੀਰ ਬਣਾਂਵੀ। ਰਣ ਤੱਤੇ ਵਿਚ ਮਰਨਾ ਸੂਰਮਿਆਂ ਦਾ ਕੰਮ ਹੈ।ਪੁਤਰਾ !ਇਸ ਸਮੇਂ ਪੰਥ ਨੂੰ ਤੇਰੀ ਬੜੀ ਲੋੜ ਹੈ ਤੇਰੇ ਵੱਡਿਆਂ ਦੀ ਇਹੋ ਹੀ ਸਿੱਖਿਆ ਹੈ ਕਿ ਪੰਥ ਲਈ ਜਿਉਣਾਂ ਤੇ ਪੰਥ ਲਈ ਹੀ ਮਰਨਾ ਹੈਂ ।ਇਹ ਸਿੱਖਿਆ ਦੇ ਕੇ ਫੂਲਾ ਸਿੰਘ ਦੀ ਮਾਂ ਸਦਾ ਲਈ ਇਸ ਸੰਸਾਰ ਤੋਂ ਕੂਚ ਕਰ ਗਈ।

ਕੁਝ ਸਮੇਂ ਪਿੱਛੋ ਫੂਲਾ ਸਿੰਘ , ਨਰੈਣ ਸਿੰਘ ਅਕਾਲੀ ਦੇ ਜੱਥੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਿਆ ।ਇਥੇ ਗੁਰਦੁਆਰਿਆਂ ਦੀ ਸੇਵਾ ਕਰਨ ਵਿਚ ਕਾਫੀ ਸਮਾਂ ਬਤੀਤ ਹੋ ਜਾਂਦਾ ਸੀ। ਕਦੇ ਕਦੇ ਜੱਥੇ ਦੇ ਨਾਲ ਹੀ ਜੱਥੇ ਵਿਚ ਸ਼ਾਮਲ ਹੋ ਕੇ ਵੈਰੀਆਂ ਨਾਲ ਵੀ ਦੋ-ਦੋ ਹੱਥ ਕਰਨ ਦਾ ਮੌਕਾ ਮਿਲ ਜਾਂਦਾ ।ਵੈਰੀ ਦੇ ਹੱਲੇ ਨੂੰ ਰੋਕਣਾਂ ਮੁੜ ਧਾਅ ਕੇ ਦੁਸ਼ਮਣ ਉੱਪਰ ਟੁੱਟ ਪੈਣਾਂ,ਵੈਰੀਆਂ ਦੇ ਘੇਰੇ ਵਿਚੋ ਬਚ ਨਿਕਲਣ ਦੇ ਦਾਅ ਪੇਚ ਖੇਡਣ ਦਾ ਫੂਲਾ ਸਿੰਘ ਨੂੰ ਚੰਗਾ ਅਭਿਆਸ ਹੋ ਗਿਆ।ਬਾਬਾ ਨਰੈਣ ਸਿੰਘ ਅਕਾਲੀ ਦੇ ਇਸ ਜੱਥੇ ਵਿਚ ਬਾਬਾ ਜੀ ਦੇ ਪਿੱਛੋਂ ਫੂਲਾ ਸਿੰਘ ਨੂੰ ਹੀ ਜਥੇਦਾਰ ਥਾਪ ਦਿੱਤਾ ਗਿਆ ਕਿਉਂਕਿ ਇਨਾਂ ਦੀ ਨਿਡਰਤਾ ਪਰਪੱਕਤਾ ਅਤੇ ਤੁਰੰਤ ਫੈਸਲਾ ਲੈਣ ਦੀ ਕਾਬਲੀਅਤ ਤੋਂ ਸਾਰੇ ਸਿੰਘ ਚੰਗੀ ਤਰ੍ਹਾਂ ਜਾਣੂੰ ਸਨ।

ਮਹਾਂਰਾਜਾ ਰਣਜੀਤ ਸਿੰਘ ਨੇ 1801 ਈ: ਨੂੰ ਅੰਮ੍ਰਿਤਸਰ ਸ਼ਹਿਰ ਨੂੰ ਅਪਣੇ ਰਾਜ ਵਿਚ ਮਿਲਾਉਣ ਲਈ ਚੜ੍ਹਾਈ ਕਰ ਦਿੱਤੀ। ਇਸ ਸਮੇਂ ਅਪਣੇ ਜੱਥੇ ਸਮੇਤ ਅਕਾਲੀ ਫੂਲਾ ਸਿੰਘ ਜੀ ਅੰਮ੍ਰਿਤਸਰ ਵਿਖੇ ਹੀ ਸਨ ।ਅੰਮ੍ਰਿਤਸਰ ਭੰਗੀ ਮਿਸਲ ਦੇ ਸਰਦਾਰਾਂ ਦੇ ਅਧੀਨ ਸੀ ।ਇਹ ਭੰਗੀ ਸਰਦਾਰ ਮਹਾਂਰਾਜਾ ਰਣਜੀਤ ਸਿੰਘ ਦੇ ਵਿਰੁੱਧ ਸਨ।

ਲੜਾਈ ਆਰੰਭ ਹੋਣ ਵਾਲੀ ਸੀ ਪਰ ਅਕਾਲੀ ਫੂਲਾ ਸਿੰਘ ਦੋਹਾਂ ਸਿੱਖ ਫੌਜਾਂ ਦੇ

ਵਿਚਕਾਰ ਖੜ੍ਹਾ ਹੋ ਗਿਆ ਅਤੇ ਆਪਸ ਵਿਚ ਜੰਗ ਮਚਾਉਣ ਤੋਂ ਰੋਕਿਆ। ਮਹਾਂਰਾਜਾ ਰਣਜੀਤ ਸਿੰਘ ਇਸ ਦੇ ਰੋਲ ਤੋਂ ਬਹੁਤ ਪ੍ਰਸੰਨ ਹੋਏ ਅਤੇ ਆਪਣੀ ਫੌਜ ਨੂੰ ਪਿਛੇ ਹਟਣ ਦਾ ਹੁਕਮ ਦੇ ਦਿੱਤਾ। ਹੁਣ ਭੰਗੀ ਸਰਦਾਰਾਂ ਨੇ ਵੀ ਸਿਆਣਫ ਦਾ ਸਬੂਤ ਦੇਂਦੇ ਹੋਏ ਮਹਾਰਾਜੇ ਦੀ ਅਪੀਲ ਨੂੰ ਸਵੀਕਾਰ ਕਰਨ ਵਿਚ ਹੀ ਅਪਣੀ ਭਲਾਈ ਸਮਝੀ। ਮਹਾਂਰਾਜੇ ਨੇ ਉਹਨਾਂ ਨੂੰ ਬਹੁਤ ਸਾਰੀ ਜ਼ਗੀਰ ਬਖਸ਼ ਦਿੱਤੀ।ਅਕਾਲੀ ਜੱਥੇ ਦੇ ਲੰਗਰ ਲਈ ਵੀ ਮਹਾਂਰਾਜਾ ਸਾਹਿਬ ਨੇ ਬਹੁਤ ਸਾਰੀ ਜਗੀਰ ਲਗਾ ਦਿੱਤੀ।ਇਸ ਪ੍ਰਕਾਰ ਸਿਖ ਪੰਥ ਵਿਚ ਅਕਾਲੀ ਫੂਲਾ ਸਿੰਘ ਦਾ ਆਦਰ-ਮਾਣ ਬਹੁਤ ਵਧ ਗਿਆ।

ਕਸੂਰ ਦੀ ਜੰਗ :

ਕਸੂਰ ਦੇ ਹਾਕਮ ਕੁਤਬੁਦੀਨ ਦੀਆਂ ਧੱਕੇਸ਼ਾਹੀਆਂ ਦੀਆਂ ਖਬਰਾਂ ਮਹਾਂਰਾਜੇ ਨੂੰ ਲਾਹੌਰ ਵਿਚ ਪਹੁੰਚੀਆਂ ।ਮਹਾਂਰਾਜੇ ਨੇ ਉਸ ਨੂੰ ਸਮਝਾਉਣ ਦੀ ਬੜੀ ਕੋਸਿਸ਼ ਕੀਤੀ ਪਰ ਉਹ ਸਮਝਣ ਦੀ ਥਾਂ ਫੌਜੀ ਤਿਆਰੀਆਂ ਕਰਨ ਲੱਗ ਪਿਆ। ਇੱਧਰ ਮਹਾਰਾਜਾ ਰਣਜੀਤ ਸਿੰਘ ਨੇ ਵੀ ਉਸ ਦੀ ਸੁਧਾਈ ਕਰਨ ਦਾ ਮਨ ਬਣਾ ਲਿਆ । ਉਸ ਨੇ ਆਸ ਪਾਸ ਦੀਆਂ ਛਾਉਣੀਆਂ ਤੋਂ ਆਪਣੀਆਂ ਸਿਖ ਫੌਜਾਂ ਮੰਗਵਾ ਲਈਆਂ। ਅਕਾਲੀ ਬਾਬਾ ਫੂਲਾ ਸਿੰਘ ਨੂੰ ਵੀ ਮਦਦ ਲਈ ਸੱਦ ਲਿਆ ਗਿਆ ।

ਸਾਰੀਆਂ ਸਿੱਖ ਫੌਜਾਂ ਨੇ ਫਰਵਰੀ 1807 ਈ: ਨੂੰ ਕਸੂਰ ਸ਼ਹਿਰ ਨੂੰ ਜਾ ਘੇਰਾ ਪਾਇਆ ।ਇਥੋਂ ਦਾ ਹਾਕਮ ਕੁਤਬੁਦੀਨ ਕਿਲ੍ਹੇ ਵਿਚ ਜਾ ਵੜ੍ਹਿਆ। ਕਿਲ੍ਹੇ ਨੂੰ ਘੇਰਾ ਪਾ ਕੇ ਤੋਪਾਂ ਦੇ ਗੋਲੇ ਬਰਸਾਏ ਜਾਣ ਲੱਗੇ। ਕੁਤਬੁਦੀਨ ਕਿਲ੍ਹੇ ਵਿਚੋਂ ਹੀ ਜੁਆਬੀ ਹਮਲਾ ਕਰ ਰਿਹਾ ਸੀ।ਲੜਾਈ ਲਮਕਦੀ ਦੇਖ ਕੇ ਇਕ ਰਾਤ ਕਿਲ੍ਹੇ ਦੀ ਦੀਵਾਰ ਹੇਠਾਂ ਬਰੂਦ ਭਰ ਦਿੱਤਾ ਗਿਆ ।ਦਿਨ ਚੜ੍ਹੇ ਜਦ ਅੱਗ ਲਗਾਈ ਗਈ ਤਾਂ ਕਿਲ੍ਹੇ ਦੀ ਇਕ ਦੀਵਾਰ ਧਰਤੀ ਉਤੇ ਆਣ ਡਿੱਗੀ। ਬਿਜਲੀ ਦੀ ਤੇਜੀ ਨਾਲ ਬਾਬਾ ਫੂਲਾ ਸਿੰਘ ਨੇ ਆਪਣੇ ਸਾਥੀ ਸਿੰਘਾਂ ਸਮੇਤ ਕਿਲ੍ਹੇ ਵਿਚ ਵੜ ਕੇ ਕਤਲਿਆਮ ਜਾ ਮਚਾਈ। ਕਿਲ੍ਹੇ ਉੱਪਰ ਸਿੰਘਾਂ ਦਾ ਕਬਜਾ ਹੋ ਗਿਆ। ਕੁਤਬੁਦੀਨ ਨੱਸਦਾ ਹੋਇਆ ਫੜਿਆ ਗਿਆ ।

ਇਸ ਲੜਾਈ ਵਿਚ ਅਕਾਲੀ ਫੂਲਾ ਸਿੰਘ ਅਤੇ ਉਸ ਦੇ ਜੱਥੇ ਨੇ ਜਿਹੜੀ ਬਹਾਦਰੀ ਦਿਖਾਈ ਉਸ ਤੋਂ ਮਜਾਰਾਜਾ ਰਣਜੀਤ ਸਿੰਘ ਬਹੁਤ ਪ੍ਰਭਾਵਿਤ ਹੋਇਆ । ਉਸ ਦੇ ਦਿਲ ਵਿਚ ਅਕਾਲੀ ਫੂਲਾ ਸਿੰਘ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਹੋ ਗਈ। ਇਹ ਜੰਗ ਜਿੱਤ ਕੇ ਅਕਾਲੀ ਫੂਲਾ ਸਿੰਘ ਜੀ ਅਪਣੇ ਜੱਥੇ ਸਮੇਤ ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ।

ਸ਼ਰਾਰਤੀ ਲੋਕਾਂ ਦੀ ਸੁਧਾਈ :

ਇਕ ਵਾਰ ਮਿਸਟਰ ਮਿਟਕਾਫ ਦੇ ਨਾਲ ਕੁਝ ਘੋੜ ਸਵਾਰਾਂ ਦਾ ਦਸਤਾ ਸੀ ਅੰਮ੍ਰਿਤਸਰ ਆਇਆ। ਇਤਫਾਕ ਨਾਲ ਹੀ ਉਦੋਂ ਮੁਹੱਰਮ ਦੇ ਦਿਨ ਆ ਗਏ। ਦਸਤੇ

ਵਿਚ ਸਾਰੇ ਸਿਪਾਹੀ ਸ਼ਿਆ ਮੁਸਲਮਾਨ ਸਨ। ਇਨਾਂ ਨੇ ਬੜੀ ਧੂਮ-ਧਾਮ ਨਾਲ ਤਾਜੀਆ ਕੱਢਿਆ। ਘੋੜੇ ਦੇ ਅੱਗੇ ਪਿੱਛੇ ਹਜ਼ਾਰਾਂ ਸ਼ੀਆ ਲੋਕ ਅੰਮ੍ਰਿਤਸਰ ਦੇ ਬਜਾਰਾਂ ਵਿਚੋਂ ਬੜੀ ਉੱਚੀ ਅਵਾਜਾਂ ਨਾਲ ਨਾਹਰੇ ਲਗਾਉਦੇਂ ਹੋਏ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਸਾਹਮਣੇ ਆਣ ਪਹੁੰਚੇ। ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੁਪਹਿਰ ਦਾ ਦੀਵਾਨ ਸਜਿਆ ਹੋਇਆ ਸੀ। ਅਕਾਲੀ ਫੂਲਾ ਸਿੰਘ ਜੀ ਵੀ ਦੀਵਾਨ ਵਿਚ ਬੈਠੇ ਹੋਏ ਸਨ ਕਿ ਅਚਾਨਕ ਉਨਾਂ ਨੂੰ ਬਾਹਰ ਪੈਂਦਾ ਰੌਲਾ ਸੁਣਾਂਈ ਪਿਆ । ਇਸ ਰੱਪੇ-ਰੌਲੇ ਕਾਰਨ ਦੀਵਾਨ ਵਿਚ ਵਿਗਨ ਪੈਣ ਲੱਗਾ।

ਬਾਬਾ ਜੀ ਨੇ ਅਪਣੇ ਕੁਝ ਸਿੰਘ ਬਾਹਰ ਭੇਜੇ ਤਾਂ ਕਿ ਰੌਲਾ ਬੰਦ ਹੋ ਸਕੇ। ਪਰ ਭੂਤਰੇ ਹੋਏ ਲੋਕਾਂ ਨੇ ਸਮਝਣ ਦੀ ਥਾਂ ਹੋਰ ਤੇਜ-ਤੇਜ ਨਾਹਰੇ ਮਾਰਨੇ ਆਰੰਭ ਕਰ ਦਿੱਤੇ।

ਜਦ ਸਾਰੀ ਖਬਰ ਅਕਾਲੀ ਬਾਬਾ ਫੂਲਾ ਸਿੰਘ ਕੋਲ ਪਹੁੰਚੀ ਤਾਂ ਉਹਨਾ ਦਾ ਸਿੱਖੀ ਰੋਹ ਜਾਗ ਪਿਆ । ਤੁਰੰਤ ਕੁਝ ਚੋਣਵੇਂ ਸਿੰਘਾ ਨੂੰ ਨਾਲ ਲੈ ਕੇ ਘਟਨਾ ਵਾਲੀ ਥਾਂ ’ਤੇ ਪਹੁੰਚ ਗਏ। ਬਿਜਲੀ ਦੀ ਫੁਰਤੀ ਵਾਂਗੂੰ ਤਲਵਾਰ ਚੱਲਣ ਲੱਗ ਪਈ, ਲੋਥਾਂ ਧਰਤੀ ’ਤੇ ਡਿੱਗਣ ਲੱਗ ਪਈਆ। ਖੂਨ ਨਾਲ ਧਰਤੀ ਲਾਲ ਹੋ ਗਈ । ਹੁਣ ਜਲੂਸ ਕੱਢਣ ਵਾਲਿਆਂ ਨੂੰ ਨੱਸਦਿਆਂ ਰਾਹ ਨਹੀ ਸੀ ਲੱਭ ਰਿਹਾ।

ਇਹ ਭਿਆਨਕ ਖਬਰ ਮਹਾਂਰਾਜਾ ਰਣਜੀਤ ਸਿੰਘ ਨੂੰ ਦਿੱਤੀ ਗਈ ਉਹ ਤੁਰੰਤ ਘੋੜੇ ਤੇ ਸਵਾਰ ਹੋਕੇ ਬੜੀ ਤੇਜੀ ਨਾਲ ਕਤਲਿਆਮ ਵਾਲੀ ਥਾਂ ਤੇ ਆ ਗਿਆ। ਉਸ ਨੇ ਆਉਂਦੇ ਸਾਰ ਅਕਾਲੀ ਫੂਲਾ ਸਿੰਘ ਜੀ ਦੇ ਕੋਲ ਜਾ ਕੇ ਬੜੇ ਪਿਆਰ ਨਾਲ ਕਿਹਾ ਕਿ ਬਾਬਾ ਜੀ ਇਹ ਤਾਂ ਤੁਹਾਡੇ ਪਰਾਹੁੰਣੇ ਹਨ ਇਹਨਾ ਨਾਲ ਲੜਨਾ ਠੀਕ ਨਹੀ ਹੈ’। ਇਸ ਤਰਾਂ ਮਹਾਰਾਜੇ ਨੇ ਆਪ ਦਖਲ ਦੇ ਕੇ ਇਹ ਲੜਾਈ ਬੰਦ ਕਰਵਾਈ।

ਫਿਰ ਮਹਾਂਰਾਜਾ ਨੇ ਮਿਸਟਰ ਮਿਟਕਾਫ ਨੂੰ ਪਾਸੇ ਲੈ ਜਾ ਕੇ ਦੱਸਿਆ ਕਿ ਇਹ ਅਕਾਲੀ ਸਿੰਘ ਅੰਮ੍ਰਿਤਸਰ ਦੇ ਰਖਵਾਲੇ ਹਨ। ਇਹ ਕਿਸੇ ਦੀ ਅਧੀਨਗੀ ਨਹੀ ਸਵੀਕਾਰਦੇ ਅਤੇ ਅਪਣਾ ਸੀਸ ਤਲੀ ਉੱਤੇ ਰੱਖ ਕੇ ਤੁਰਦੇ ਹਨ। ਗੁਰਬਾਣੀ ਦਾ ਨਰਾਦਰ ਨਹੀ ਸਹਾਰ ਸਕਦੇ। ਜਲੂਸ ਵਿਚ ਸ਼ਾਮਲ ਸ਼ਰਾਰਤੀ ਲੋਕਾਂ ਨੇ ਹੀ ਇਨ੍ਹਾਂ ਨੂੰ ਭੜਕਾਇਆ ਸੀ। ਜਿਸ ਕਰਕੇ ਇਹ ਝੜਪ ਹੋਈ ਹੈ। ਦੂਰ -ਅਦੇਸ਼ ਅੰਗਰੇਜ ਅਫ਼ਸਰ ਸਾਰੀ ਗੱਲ ਸਮਝ ਕੇ ਸ਼ਾਂਤ ਹੋ ਗਿਆ ਅਤੇ ਅਪਣੇ ਸਾਰੇ ਕਾਫ਼ਲੇ ਸਮੇਤ ਛੇਤੀ ਉਥੋਂ ਲਾਂਭੇ ਚਲਾ ਗਿਆ।

ਨਰਾਜਗੀ :

ਅਕਾਲੀ ਬਾਬਾ ਫੂਲਾ ਸਿੰਘ ਮਹਾਂਰਾਜਾ ਰਣਜੀਤ ਸਿੰਘ ਨਾਲ ਕੁਝ ਨਰਾਜ ਰਹਿਣ ਲੱਗ ਪਏ ਸਨ। ਜਿਸ ਦਾ ਮੁੱਖ ਕਾਰਨ ਵਿਚਾਰਾਂ ਦਾ ਮਤੱਭੇਦ ਹੋਣਾਂ ਸੀ। ਬਾਬਾ ਜੀ ਚਾਹੰਦੇ ਸਨ ਕਿ ਖਾਲਸਾ ਪੰਥ ਦੀ ਮਜਬੂਤੀ ਲਈ ਅਪਸੀ ਵਿਸ਼ਵਾਸ ਬਣਾਈ ਰੱਖਣ ਲਈ ਵੱਡੇ ਵੱਡੇ ਔਹਦੇ ਗੈਰਾਂ ਨੂੰ ਨਾ ਦਿੱਤੇ ਜਾਣ। ਡੋਗਰਿਆਂ ਦੀਆ ਚਾਲਾਂ ਤੋਂ ਬਚਣ ਲਈ

ਮਹੱਤਵਪੂਰਨ ਔਹਦੇ ਸਿੱਖ ਸਰਦਾਰਾਂ ਨੂੰ ਸੌਂਪ ਦੇਣੇਂ ਚਾਹੀਦੇ ਹਨ।

ਮਿਸ਼ਰ ਗੰਗਾ ਰਾਮ ਦੀਆਂ ਆਪ ਹੁਦਰੀਆਂ ਨੂੰ ਨੱਥ ਪਾਈ ਜਾਵੇ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਰਾਜ ਦਰਬਾਰ ਵਿਚ ਕੋਈ ਨੌਕਰੀ ਨਾ ਦਿੱਤੀ ਜਾਵੇ। ਇਹ ਸਰੀਆਂ ਗੱਲਾਂ ਕਰਨ ਲਈ ਅਕਾਲੀ ਫੂਲਾ ਸਿੰਘ ਜੀ ਬਿਨ੍ਹਾਂ ਕੋਈ ਸੂਚਨਾ ਦਿੱਤੇ ਅਚਾਨਕ ਲਾਹੌਰ ਪਹੁੰਚ ਗਏ। ਇਹ ਦੇਖ ਕੇ ਡੋਗਰਿਆਂ ਨੇ ਕਈ ਗੁਪਤ ਯਤਨ ਕੀਤੇ ਕਿ ਬਾਬਾ ਜੀ ਮਹਾਂਰਾਜੇ ਨੂੰ ਨਾ ਮਿਲ ਸਕਣ। ਪਰ ਬਾਬਾ ਜੀ ਮਹਾਂਰਾਜੇ ਨੂੰ ਮਿਲਣ ਵਿਚ ਕਾਮਯਾਬ ਹੋ ਗਏ ਅਤੇ ਕਿਲ੍ਹੇ ਵਿਚ ਪਹੁੰਚ ਕੇ ਗੱਜ ਕੇ ਜਾ ਫਤਹਿ ਬੁਲਾਈ। ਬਾਬਾ ਫੂਲਾ ਸਿੰਘ ਜੀ ਨੇ ਬੇ-ਖੌਫ ਹੋ ਕੇ ਸਾਰੀ ਗੱਲ ਮਹਾਂਰਾਜਾ ਸਾਹਿਬ ਨੂੰ ਕਹਿ ਸੁਣਾਈ। ਸਾਰੀ ਗੱਲ ਸੁਣਨ ਪਿੱਛੋ ਮਹਾਰਾਜਾ ਸਾਹਿਬ ਨੇ ਬਾਬਾ ਜੀ ਨੂੰ ਪ੍ਰਸ਼ਾਦਾ ਛਕ ਕੇ ਜਾਣ ਲਈ ਕਿਹਾ ਪਰ ਉਨ੍ਹਾਂ ਤੁਰੰਤ ਨਾਹ ਕਰ ਦਿੱਤੀ ਅਤੇ ਕਿਹਾ ਕਿ ਖਾਲਸਾ ਰਾਜ ਵਿਚ ਅਣਮੱਤੀਆਂ ਨੂੰ ਔਹਦੇ ਦੇਣਾਂ ਨੀਤੀ ਦੇ ਵਿਰੁੱਧ ਹੈ। ਸੋ ਜਾਂ ਤਾਂ ਅਪਣੀ ਨੀਤੀ ਬਦਲ ਲਵੋ ਨਹੀ ਤਾਂ ਅਸੀ ਆਪ ਜੀ ਨੂੰ ਫਤਹਿ ਬੁਲਾਉਣ ਲਈ ਮਜਬੂਰ ਹਾਂ।

ਇਸ ਤਰਾਂ ਬਾਬਾ ਜੀ ਬਿਨ੍ਹਾਂ ਪ੍ਰਸ਼ਾਦਾ ਛਕੇ ਹੀ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਾਪਸ ਪਰਤ ਆਏ ਅਤੇ ਇਸੇ ਦਿਨ ਸ੍ਰੀ ਅਨੰਦਪੁਰ ਸਾਹਿਬ ਵੱਲ ਚਲੇ ਜਾਣ ਦੀ ਤਿਆਰੀ ਕਰ ਲਈ। ਲੁਧਿਆਣੇਂ ਰਹਿ ਰਹੇ ਅੰਗਰੇਜਾਂ ਨੇ ਅਪਣੇ ਲਈ ਖਤਰਾ ਮਹਿਸੂਸ ਕੀਤਾ। ਬਾਬਾ ਜੀ ਦਾ ਅੰਗਰੇਜਾਂ ਦੇ ਮਨਾ ਉਤੇ ਬੜਾ ਦਬਦਬਾ ਸੀ। ਸੋ,ਬਿਨਾਂ ਕਿਸੇ ਰੁਕਾਵਟ ਦੇ ਬਾਬਾ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਗਏ।

ਕਵਰ ਪ੍ਰਤਾਪ ਸਿੰਘ ਨੇ ਪਨਾਹ ਲੈਣੀ :

ਸਾਹਜ਼ਾਦਾ ਪ੍ਰਤਾਪ ਸਿੰਘ ਜੀਂਦ ਦਾ ਰਿਅਸਤੀ ਕੰਮਾਂ ਵਿਚ ਸਰਕਾਰ ਨਾਲ ਝਗੜਾ ਪੈਦਾ ਹੋ ਗਿਆ। ਅੰਗਰੇਜਾਂ ਕੋਲੋਂ ਉਸ ਨੂੰ ਖਤਰਾ ਮਹਿਸੂਸ ਹੋਣ ਲੱਗਾ। ਉਸ ਨੇ ਤੁਰੰਤ ਸ੍ਰੀ ਅੰਨਦਪੁਰ ਸਾਹਿਬ ਪਹੁੰਚ ਕੇ ਬਾਬਾ ਫੂਲਾ ਸਿੰਘ ਜੀ ਪਾਸ ਪਨਾਹ ਲੈ ਲਈ।

ਅੰਗਰੇਜਾਂ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਬਾਬਾ ਫੂਲਾ ਸਿੰਘ ਜੀ ਨੂੰ ਸੁਨੇਹਾ ਭੇਜਿਆ ਕਿ ਸਾਹਜ਼ਾਦਾ ਉਨਾਂ ਦੇ ਹਵਾਲੇ ਕਰ ਦਿੱਤਾ ਜਾਵੇ ਪਰ ਬਾਬਾ ਜੀ ਨੇ ਇਹ ਕਹਿ ਕੇ ਨਾਹ ਕਰ ਦਿੱਤੀ ਕਿ ਦਰ ਆਏ ਨੂੰ ਅਸੀਂ ਧੱਕਾ ਨਹੀਂ ਦੇਂਦੇ ਅਤੇ ਜਾਣ ਵਾਲੇ ਨੂੰ ਰੋਕਦੇ ਨਹੀ।

ਅੰਗਰੇਜਾਂ ਨੂੰ ਅਪਣਾ ਇਹ ਸ਼ੱਕ ਪੱਕਾ ਹੁੰਦਾ ਦਿਖਾਈ ਦਿੱਤਾ ਕਿ ਬਾਬਾ ਫੂਲਾ ਸਿੰਘ ਉਨਾਂ ਦੇ ਇਲਾਕੇ ਵਿਚ ਗੜਬੜ ਕਰਨ ਲਈ ਹੀ ਇਥੇ ਆਇਆ ਹੈ। ਅੰਗਰੇਜਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਲਿਖਿਆ ਕਿ ਜਿਵੇਂ ਵੀ ਹੋ ਸਕੇ ਇਸ ਬਾਬੇ ਨੂੰ ਤੁਸੀ ਅਪਣੇ ਇਲਾਕੇ ਵਿਚ ਵਾਪਸ ਮੰਗਵਾ ਲਵੋ।

ਲਾਹੌਰ ਦਰਬਾਰ ਵਿਚ ਡੋਗਰਿਆਂ ਨੇ ਚਾਲਾਂ ਚੱਲ ਕੇ ਮਹਾਂਰਾਜੇ ਕੋਲੋਂ ਇਹ ਮਨਜੂਰੀ

ਲੈ ਲਈ ਕਿ ਤਾਕਤ ਦੇ ਜ਼ੋਰ ਨਾਲ ਬਾਬਾ ਫੂਲਾ ਸਿੰਘ ਜੀ ਨੂੰ ਅੰਮ੍ਰਿਤਸਰ ਲਿਆਂਦਾ ਜਾਵੇ।ਫਲੌਰ ਦੇ ਮੈਦਾਨ ਵਿਚ ਜਦ ਅਕਾਲੀ ਬਾਬਾ ਫੂਲਾ ਸਿੰਘ ਨੂੰ ਘੇਰਾ ਪਾਉਣ ਲਈ ਫੌਜ ਨੂੰ ਹੁਕਮ ਦਿੱਤਾ ਗਿਆ ਤਾਂ ਸਾਰਿਆਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਫੌਜੀਆਂ ਨੇ ਹਥਿਆਰ ਜਮੀਨ ਉਤੇ ਰੱਖ ਕੇ ਬਾਬਾ ਜੀ ਉਪਰ ਹਮਲਾ ਕਰਨ ਤੋਂ ਨਾਂਹ ਕਰ ਦਿੱਤੀ।

ਜਦ ਇਸ ਗੱਲ ਦਾ ਪਤਾ ਮਹਾਰਾਜਾ ਰਣਜੀਤ ਸਿੰਘ ਨੂੰ ਲੱਗਿਆ ਤਾਂ ਉਸ ਦੀਆਂ ਅੱਖਾਂ ਖੁੱਲ ਗਈਆ ਕਿ ਸਿੱਖ ਪੰਥ ਵਿਚ ਬਾਬਾ ਜੀ ਦਾ ਕਿਤਨਾ ਸਤਿਕਾਰ ਹੈ। ਉਸ ਨੇ ਤੁਰੰਤ ਫੌਜ ਨੂੰ ਵਾਪਸ ਬੁਲਾ ਲਿਆ।

ਸ਼ੇਰੇ ਪੰਜਾਬ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਅਪਣੇ ਪਾਸ ਬੁਲਾ ਕੇ ਸਮਝਾਇਆ ਕਿ ਜਿਵੇਂ ਵੀ ਹੋ ਸਕੇ ਬਾਬਾ ਫੂਲਾ ਸਿੰਘ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਵਾਪਸ ਅੰਮ੍ਰਿਤਸਰ ਅਉਣ ਲਈ ਬੇਨਤੀ ਕਿਤੀ ਜਾਵੇ।ਅਤੇ ਬਾਬਾ ਜੀ ਨੂੰ ਵਿਸ਼ਵਾਸ ਦਿਵਾਇਆ ਜਾਵੇ ਕਿ ਉਨਾਂ ਦੀ ਇੱਛਾ ਉਪਰ ਹੌਲੀ ਹੌਲੀ ਅਮਲ ਕਿਤਾ ਜਾਵੇਗਾ ।ਇਸ ਪਿੱਛੋ ਹੀ ਬਾਬਾ ਜੀ ਨੇ ਅੰਮ੍ਰਿਤਸਰ ਸਾਹਿਬ ਆਉਣ ਦਾ ਮੰਨ ਬਣਾਇਆ ।

ਜਦ ਸ਼ਹਿਰ ਵਿਚ ਬਾਬਾ ਜੀ ਦੇ ਆਉਣ ਦੀ ਖਬਰ ਪਹੁੰਚੀ ਤਾਂ ਹਜ਼ਾਰਾਂ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਲਈ ਦੂਰ ਦੂਰ ਤੋਂ ਅਣ ਪਹੁੰਚੇ।ਮਹਾਰਾਜਾ ਆਪ ਵੀ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ।ਅਕਾਲੀ ਸਿੰਘਾਂ ਦੇ ਜਥੇ ਲਈ ਘੋੜੇ,ਹਾਥੀ ,ਰਸਦਾਂ ਤੇ ਹਥਿਆਰ ਡੇਰੇ ਲਈ ਅਰਪਣ ਕੀਤੇ। ਅਕਾਲੀਆਂ ਦੀ ਛਾਉਣੀ ਅੰਮ੍ਰਿਤਸਰ ਵਿਚ ਸਿੰਘਾਂ ਦੀ ਅਮਿਟ ਯਾਦਗਾਰ ਹੈ।

ਮੁਲਤਾਨ ਦੀ ਜੰਗ :

ਇਕ ਵਾਰ ਮੁਲਤਾਨ ਦੇ ਨਵਾਬ ਮੁਜਫਰ ਖਾਨ ਨੇ ਸ਼ੇਰੇ ਪੰਜਾਬ ਨੂੰ ਸਲਾਨਾ ਟੈਕਸ ਭਰਨ ਤੋਂ ਇਨਕਾਰ ਕਰ ਦਿੱਤਾ।ਮਹਾਰਾਜੇ ਨੇ ਇਕ ਵੱਡੀ ਫੌਜ ਦੀਵਾਨ ਮੋਤੀ ਰਾਮ ਤੇ ਭਵਾਨੀ ਦਾਸ ਪਿਛਾਵਰੀ ਦੀ ਕਮਾਨ ਹੇਠ ਮੁਲਤਾਨ ਦੇ ਨਵਾਬ ਨੂੰ ਸਜਾ ਦੇਣ ਲਈ ਭੇਜੀ ।ਫੌਜ ਨੇ ਸਾਰੇ ਸ਼ਹਿਰ ਨੂੰ ਘੇਰਾ ਪਾ ਲਿਆ ।ਛੋਟੀਆਂ ਛੋਟੀਆਂ ਕਈ ਲੜਾਈਆਂ ਹੋਈਆਂ ਪਰ ਨਤੀਜਾ ਕੋਈ ਨਾ ਨਿਕਲਿਆ।ਰਾਤ ਸਮੇਂ ਵੈਰੀ ਦਲ ਅਪਣੇ ਟਿਕਾਣਿਆਂ ਵਿਚੋਂ ਨਿਕਲ ਕੇ ਸਿੱਖ ਫੌਜਾਂ ਦਾ ਜਾਨੀ ਨੁਕਸਾਨ ਕਰਕੇ ਕਿਲ੍ਹੇ ਵਿਚ ਜਾ ਵੜਦਾ। ਸਫਲਤਾ ਨਾ ਮਿਲਦੀ ਦੇਖਕੇ ਸੈਨਾ ਮੁਖੀਆਂ ਨੇ ਘੇਰਾ ਖਤਮ ਕਰ ਦਿੱਤਾ ਅਤੇ ਸਾਰੀ ਫੌਜ ਵਾਪਸ ਲਾਹੌਰ ਆ ਗਈ।

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਨਰਾਜ਼ ਹੋਏ।ਸਾਰੀ ਘਟਨਾ ਦੀ ਪੜਤਾਲ ਕੀਤੀ ਗਈ।ਜਿਸ ਵਿਚ ਦੀਵਾਨ ਭਵਾਨੀ ਦਾਸ ਮੁਖ ਦੋਸ਼ੀ ਪਾਇਆ ਗਿਆ।ਉਸ ਨੂੰ ਦੀਵਾਨ ਦੀ ਪਦਵੀ ਤੋਂ ਹਟਾ ਕੇ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ।

ਕਮਜ਼ੋਰ ਅਫ਼ਸਰਾਂ ਕਰਕੇ ਖਾਲਸਾ ਦਰਬਾਰ ਦੀ ਬੜੀ ਹੇਠੀ ਹੋਈ।ਮਹਾਂਰਾਜੇ ਨੂੰ ਇਸ ਦਾ ਬੜਾ ਦੁੱਖ ਸੀ। ਜਨਵਰੀ 1818 ਈ: ਨੂੰ 25000 ਫੌਜ ਸ਼ਹਿਜਾਦਾ ਖੜਗ ਸਿੰਘ ਤੇ ਦੀਵਾਨ ਚੰਦ ਦੇ ਆਧੀਨ ਮੁਲਤਾਨ ਨੂੰ ਘੇਰਾ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਸੀ।ਦੁਸ਼ਮਣ ਨੇ ਅਪਣੇ ਕਿਲਿਆਂ ਨੂੰ ਮਜਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀ ਛੱਡੀ ਸੀ।ਖਾਲਸਾ ਫੌਜ ਦਾ ਮੁਕਾਬਲਾ ਕਰਨ ਲਈ ਨਵਾਬ ਨੇ ਐਲਾਨ ਕਰ ਦਿੱਤਾ।ਹਜ਼ਾਰਾਂ ਗਾਜ਼ੀ ਪਠਾਨ ਨਵਾਬ ਦੇ ਝੰਡੇ ਹੇਠ ਖਾਲਸਾ ਫੌਜ ਨਾਲ ਦੋ ਦੋ ਹੱਥ ਕਰਨ ਲਈ ਮੁਲਤਾਨ ਅੰਦਰ ਇਕੱਠੇ ਹੋ ਗਏ।ਜਦ ਖਾਲਸਾ ਫੌਜ ਸ਼ਹਿਰ ਦੇ ਨੇੜੇ ਪਹੁੰਚੀ ਤਾਂ ਜੰਗ ਅਰੰਭ ਹੋ ਗਿਆ।ਸਿੱਖ ਫੌਜਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਕਈ ਰੁਕਾਵਟਾਂ ਪਾਈਆਂ ਗਈਆਂ ਪਰ ਫੌਜ ਸਾਰੀਆਂ ਰੁਕਾਵਟਾਂ ਨੂੰ ਬੜੀ ਬਹਾਦਰੀ ਨਾਲ ਪਾਰ ਕਰਦੇ ਹੋਏ ਅੱਗੇ ਵਧਦੀ ਗਈ।ਇਥੇ ਬੜੀ ਖੂਨੀ ਲੜਾਈ ਹੋਈ,ਦੋਹਾਂ ਪਾਸਿਆਂ ਦੇ ਹਜ਼ਾਰਾ ਜਵਾਨ ਮਾਰੇ ਗਏ। ਰਾਤ ਪੈਂਦੇ ਸਾਰ ਸਾਰੇ ਗਾਜ਼ੀ ਮੈਦਾਨ ਛੱਡ ਕੇ ਲੁਕ-ਛਿਪ ਗਏ।ਸਵੇਰੇ ਦਿਨ ਚੜ੍ਹੇ ਜਦ ਦੇਖਿਆ ਤਾਂ ਸ਼ਹਿਰ ਦੇ ਸਾਰੇ ਦਰਵਾਜੇ ਬੰਦ ਸਨ। ਸਿੰਘਾਂ ਨੇ ਸਾਰੇ ਸ਼ਹਿਰ ਨੂੰ ਘੇਰਾ ਪਾ ਲਿਆ ਅਤੇ ਤੋਪਾਂ ਦੇ ਮੂਹ ਖੋਹਲ ਦਿੱਤੇ।ਨਵਾਬ ਨੇ ਵੀ ਅੰਦਰ ਤੋਪਾਂ ਬੀੜੀਆਂ ਹੋਈਆਂ ਸਨ।ਕਈ ਦਿਨ ਬੜੀ ਭਿਆਨਕ ਜੰਗ ਹੁੰਦੀ ਰਹੀ ।

ਇਕ ਦਿਨ ਸਾਰੇ ਸਰਦਾਰਾਂ ਨੇ ਸਲਾਹ ਪਕਾਈ ਕਿ ਰਾਤ ਸਮੇਂ ਦੀਂਵਾਰਾਂ ਹੇਠ ਬਰੂਦ ਭਰ ਕੇ ਅੱਗ ਲਗਾਈ ਜਾਵੇ। ਇਸ ਤਰਾਂ ਦੀਵਾਰਾਂ ਨੂੰ ਡੇਗਿਆ ਜਾ ਸਕਦਾ ਹੈ ।ਇਸ ਸਲਾਹ ਉਪੱਰ ਅਮਲ ਕਰਨ ਨਾਲ ਕਈ ਥਾਂਵਾਂ ’ਤੇ ਦੀਂਵਾਰਾਂ ਵਿਚ ਪਾੜ ਪੈ ਗਿਆ ਪਰ ਪੂਰੀ ਕਾਮਯਾਬੀ ਨਾ ਮਿਲੀ।ਫਿਰ ਕਈ ਵੱਡੀਆਂ ਤੋਪਾਂ ਦੇ ਸੈਂਕੜੇ ਗੋਲੇ ਇਕੋ ਹੀ ਥਾਂ ਦਾ ਨਿਸ਼ਾਨਾ ਬੰਨ ਕੇ ਛੱਡੇ ਗਏ ਜਿਸ ਨਾਲ ਦੀਵਾਰ ਵਿਚ ਵੱਡਾ ਮਘੋਰਾ ਹੋ ਗਿਆ।ਬੜੀ ਫੁਰਤੀ ਨਾਲ ਘੋੜ ਸਵਾਰ ਸਰਦਾਰ ਸ਼ਹਿਰ ਵਿਚ ਦਾਖਲ ਹੋ ਗਏ ਇਥੇ,ਬੜੀ ਖੂਨੀ ਜੰਗ ਹੋਈ। ਪਰ ਅਖਰਕਾਰ ਸ਼ਹਿਰ ਉਪਰ ਖਾਲਸਾ ਫੌਜ ਦਾ ਕਬਜਾ ਹੋ ਗਿਆ।

ਹੁਣ ਮੁਲਤਾਨ ਦੇ ਕਿਲ੍ਹੇ ਉੱਪਰ ਕਬਜਾ ਕਰਨਾ ਬਾਕੀ ਰਹਿ ਗਿਆ ਸੀ ।ਇਹ ਕਿਲ੍ਹਾ ਬਹੁਤ ਮਜਬੂਤ ਹੋਣ ਕਰਕੇ ਅਜਿਤ ਸਮਝਿਆ ਜਾਂਦਾ ਸੀ ।ਇਹ ਕਿਲ੍ਹਾ ਸਿੰਘਾਂ ਦੇ ਘੇਰੇ ਵਿਚ ਆ ਗਿਆ ।ਸਿਖ ਫੌਜ ਕਿਲ੍ਹੇ ਦੇ ਚੌਫੇਰੇ ਤੋਪਾਂ ਦੇ ਗੋਲਿਆਂ ਦਾ ਮੀਂਹ ਵਰਾਉਂਦੀ ਰਹੀ ਪਰ ਕਿਲ੍ਹੇ ਉਪੱਰ ਇਸ ਦਾ ਕੋਈ ਅਸਰ ਨਹੀ ਸੀ। ਲਗਭਗ ਤਿੰਨ ਮਹੀਨੇ ਬੀਤ ਗਏ ਕਿਲ੍ਹਾ ਸਰ ਨਹੀ ਸੀ ਹੋ ਰਿਹਾ।

ਮਹਾਰਾਜਾ ਰਣਜੀਤ ਸਿੰਘ ਨੂੰ ਹਰ ਰੋਜ ਦੀ ਖਬਰ ਮਿਲ ਰਹੀ ਸੀ: ਉਹ ਬਹੁਤ ਚਿੰਤਾ ਵਿਚ ਸੀ ਕਿ ਕਿਲ੍ਹਾ ਫਤਹਿ ਕਿਉਂ ਨਹੀ ਹੋ ਰਿਹਾ।ਮਹਾਂਰਾਜਾ ਫਤਹਿ ਪਾਉਣ ਦੀ ਅਰਦਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਪਹੁੰਚਿਆ।ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ’ਤੇ ਜਾ ਕੇ ਵੀ ਗੁਰੂ ਮਹਾਰਾਜ ਦੇ ਸਨਮੁਖ ਅਰਦਾਸ ਬੇਨਤੀ ਕੀਤੀ ਕਿ ਮੁਲਤਾਨ ਦਾ ਕਿਲ੍ਹਾ

ਜਿਤਿਆ ਜਾਵੇ।

ਫਿਰ ਮਹਾਂਰਾਜਾ, ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਉਨਾਂ ਦੇ ਡੇਰੇ ਵਿਚ ਜਾ ਕੇ ਮਿਲਿਆ ਅਤੇ ਸਾਰਾ ਹਾਲ ਸੁਣਾਇਆ। ਇਸ ਸਮੇਂ ਮਹਾਂਰਾਜਾ ਰਣਜੀਤ ਸਿੰਘ ਦਾ ਚਿਹਰਾ ਬੜਾ ਉਦਾਸ ਲੱਗਦਾ ਸੀ। ਬਾਬਾ ਜੀ ਨੇ ਮੁਸਕਰਾ ਕੇ ਮਹਾਰਾਜੇ ਨੂੰ ਆਖਿਆ ਉਏ ਡੋਗਰਿਆਂ ਦੇ ਪਾਲਕਾ ਸਾਨੂੰ ਪਹਿਲਾਂ ਕਿਉਂ ਨਹੀ ਦੱਸਿਆ ? ਖਾਲਸਾ ਫੌਜ ਨੂੰ ਏਨੀ ਔਕੜ ਵਿਚ ਕਿਉਂ ਫਸਾ ਛੱਡਿਆ ਈ? ਚੱਲ! ਜੇ ਗੁਰੂ ਨੇ ਕ੍ਰਿਪਾ ਕੀਤੀ ਤਾਂ ਅਕਾਲੀ ਝੰਡਾ ਮੁਲਤਾਨ ਦੇ ਕਿਲ੍ਹੇ ਉੱਤੇ ਗੱਡ ਕੇ ਹੀ ਵਾਪਸ ਮੁੜਾਂਗੇ।

ਨਿਹੰਗ ਸਿੰਘਾਂ ਦੀ ਛਾਵਣੀ ਵਿਚ ਨਗਾਰੇ ਤੇ ਚੋਟ ਲਗਾ ਦਿੱਤੀ ਗਈ ਪੰਜ ਸੌ ਸੁਰਬੀਰ ਅਕਾਲੀ ਸਿੰਘਾ ਦੇ ਜਥੇ ਨੇ ਮੁਲਤਾਨ ਵੱਲ ਕੂਚ ਕਰ ਦਿੱਤਾ। ਬਾਬਾ ਫੂਲਾ ਸਿੰਘ ਜੀ ਸਿੱਧੇ ਮੈਦਾਨਿ ਜੰਗ ਵੱਲ ਅੱਗੇ ਵਧੇ। ਬਾਬਾ ਜੀ ਨੂੰ ਬਹੁਤ ਕਿਹਾ ਗਿਆ ਕਿ ਪਹਿਲੇ ਕੁੱਝ ਅਰਾਮ ਕਰ ਲਵੋ ਕੱਲ ਦਿਨੇ ਧਾਵਾ ਬੋਲਿਆ ਜਾਵੇਗਾ ਪਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਚੜਦੀ ਕਲ੍ਹਾ ਵਿਚ ਕਿਹਾ ਕਿ ਕਿਲ੍ਹਾ ਫਤਹਿ ਕਰਕੇ ਇਕੋ ਵਾਰੀ ਹੀ ਅਰਾਮ ਕਰਾਂਗੇ।

ਭੰਗੀਆਂ ਦੀ ਤੋਪ ਕਿਲ੍ਹੇ ਦੇ ਦਰਵਾਜੇ ਸਹਮਣੇ ਬੀੜ ਦਿੱਤੀ ਗਈ ਅਤੇ ਗੋਲੇ ਦਾਗੇ ਜਾਣ ਲੱਗੇ ਜਿਸ ਨਾਲ ਕਿਲ੍ਹੇ ਦੀ ਦੀਵਾਰ ਵਿਚ ਪਾੜ ਪੈ ਗਿਆ । ਉਸੇ ਵੇਲੇ ਅਕਾਲੀ ਸਿੰਘਾਂ ਨੇ ਜੈਕਾਰਿਆਂ ਨਾਲ ਆਕਾਸ਼ ਗੁੰਜਾ ਦਿੱਤਾ। ਬਾਬਾ ਫੂਲਾ ਸਿੰਘ ਦਾ ਜੱਥਾ ਅੱਖ ਝਪਕਣ ਦੇ ਫਰਕ ਨਾਲ ਕਿਲ੍ਹੇ ਦੇ ਅੰਦਰ ਜਾ ਵੜਿਆ। ਦੁਸ਼ਮਣਾ ਉਤੇ ਐਸੀ ਤਲਵਾਰ ਚਲਾਈ ਕਿ ਸਭ ਤ੍ਰਾਹ ਤ੍ਰਾਹ ਕਰਨ ਲੱਗ ਪਏ। ਜ਼ਮੀਨ ਉਤੇ ਲੋਥਾਂ ਰੁਲਣ ਲੱਗ ਪਈਆਂ'। ਅਕਾਲੀ ਬਾਬਾ ਫੂਲਾ ਸਿੰਘ ਜੀ ਉੱਤੇ ਹਮਲਾ ਕਰਨ ਲਈ ਨਵਾਬ ਆਪ ਹੱਥ ਵਿਚ ਢਾਲ ਕ੍ਰਿਪਾਲ ਫੜ ਕੇ ਅੱਗੇ ਵੱਧਿਆ ਪਰ ਬਾਬਾ ਜੀ ਦੇ ਨੂਰਾਨੀ ਚਿਹਰੇ ਨੂੰ ਦੇਖ ਕੇ ਐਸਾ ਭੈ-ਭੀਤ ਹੋਇਆ ਕਿ ਵਾਰ ਕਰਨ ਲਈ ਸੂਤੀ ਹੋਈ ਕ੍ਰਿਪਾਨ ਹੱਥੋਂ ਥੱਲੇ ਡਿਗ ਪਈ। ਬਾਬਾ ਜੀ ਦੇ ਜਥੇ ਦੇ ਇਕ ਸਿੰਘ ਨੇ ਬੜੀ ਫੁਰਤੀ ਨਾਲ ਉਸ ਦੇ ਟੁਕੜੇ-ਟੁਕੜੇ ਕਰ ਦਿੱਤੇ। ਨਵਾਬ ਨੂੰ ਮਰਿਆ ਦੇਖ ਕੇ ਪਠਾਣਾਂ ਦੇ ਹੌਂਸਲੇ ਢਹਿ ਪਏ, ਚਾਰੇ ਪਾਸੇ ਭਾਜੜ ਪੈ ਗਈ। ਇਸ ਤਰਾਂ ਸਿੰਘਾ ਨੇ ਮੁਲਤਾਨ ਉਪਰ ਪੂਰੀ ਤਰ੍ਹਾਂ ਜਿੱਤ ਹਾਸਲ ਕੀਤੀ।

ਇਹ ਜਿੱਤ ਅਕਾਲੀ ਬਾਬਾ ਫੂਲਾ ਸਿੰਘ ਜੀ ਅਦੁੱਤੀ ਬਹਾਦਰੀ ਦਾ ਨਤੀਜਾ ਸੀ । ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਵੀ ਕਮਾਲ ਦੀ ਮਰਦਾਨਗੀ ਦਿਖਾਈ। ਜਦ ਫੌਜ ਸਮੇਤ ਸਾਰੇ ਜਰਨੈਲ ਵਾਪਸ ਲਾਹੌਰ ਪਹੁੰਚੇ ਤਾਂ ਅੱਗੋਂ ਇਹਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਮੁਲਤਾਨ ਜਿੱਤਣ ਦੀ ਖੁਸ਼ੀ ਵਿਚ ਅੱਠ ਦਿਨ ਅੰਮ੍ਰਿਤਸਰ ਅਤੇ ਲਾਹੌਰ ਵਿਚ ਦੀਪਮਾਲਾ ਕੀਤੀ ਗਈ। ਇਸ ਤੋਂ ਪਿੱਛੋ ਵਾਰੀ ਵਾਰੀ, ਪਿਸ਼ਾਵਰ ਤੇ ਕਸ਼ਮੀਰ ਅਦਿਕ ਵੱਡੀਆਂ ਸਫਲਤਾਵਾਂ ਵਿਚ ਅਕਾਲੀ ਬਾਬਾ ਫੂਲਾ ਸਿੰਘ ਦਾ ਯੋਗਦਾਨ ਅੱਤ

ਮਹੱਤਵ ਪੂਰਨ ਰਿਹਾ ।ਮਹਾਂਰਾਜਾ,ਰਣਜੀਤ ਸਿੰਘ ਨੇ ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਸਿੱਖ ਰਾਜ ਦਾ ਰਾਖਾ ਕਹਿ ਦੇ ਸਨਮਾਨ ਕੀਤਾ।

ਨੁਸਹਿਰੇ ਦੀ ਲੜਾਈ :

ਖਾਲਸਾ ਰਾਜ ਦੇ ਸੂਹੀਆ ਕਰਮਚਾਰੀਆਂ ਨੇ ਖਬਰ ਦਿੱਤੀ ਕਿ ਨੁਸ਼ਹਿਰੇ ਦੇ ਪਾਰ ਤਰੱਕੀ ਨਾਂ ਦੀ ਪਹਾੜੀ ਉੱਤੇ ਦੁਸ਼ਮਣ ਗਾਜੀਆਂ ਨੇ ਮੋਰਚੇ ਜਮਾ ਲਏ ਹਨ ।ਦੁਸ਼ਮਣ ਸਿਪਾਹੀਆਂ ਦੀ ਗਿਣਤੀ ਬੇਸ਼ੁਮਾਰ ਹੈ ਅਤੇ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ।

ਇਧਰ ਖਬਰ ਮਿਲਦੇ ਸਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਚੋਣਵੇ ਸਰਦਾਰਾਂ ਨਾਲ ਇਸ ਮੁਸੀਬਤ ਦਾ ਮੁਕਾਬਲਾ ਕਰਨ ਲਈ ਵੀਚਾਰਾਂ ਕੀਤੀਆਂ।14 ਮਾਰਚ 1822 ਈ: ਨੂੰ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਸੱਜਿਆ ਸਮਾਪਤੀ ਉਪਰੰਤ ਹੋਣ ਵਾਲੀ ਲੜਾਈ ਸਬੰਧੀ ਸਭ ਦੀ ਸਲਾਹ ਲਈ ਗਈ। ਅਖਰਕਾਰ ਸਰਬ-ਸੰਮਤੀ ਨਾਲ'ਗੁਰਮਤਾ'ਸੋਧਿਆ ਗਿਆ ਕਿ ਬਿਨ੍ਹਾਂ ਕਿਸੇ ਪ੍ਰਕਾਰ ਦੀ ਦੇਰੀ ਤੋਂ ਦੁਸ਼ਮਣ ਉਪੱਰ ਹਮਲਾ ਕਰ ਦੇਣਾਂ ਚਾਹੀਦਾ ਹੈ।ਅਰਦਾਸ ਕਰਕੇ ਹੁਕਮਨਾਮਾ ਲਿਆ ਗਿਆ ਅਤੇ ਸਾਰੇ ਖਾਲਸਾ ਦਲ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ।

- ਪਹਿਲੇ ਹਿੱਸੇ ਵਿਚ 800 ਘੋੜ ਸਵਾਰ ਸਿਘ ਸੂਰਮੇ ਅਤੇ 700 ਪੈਦਲ ਜਵਾਨ ਸਨ।ਇਹ ਜੱਥਾ ਅਕਾਲੀ ਫੂਲਾ ਸਿੰਘ ਦੀ ਅਗਵਾਈ ਹੇਠ ਹਮਲਾ ਕਰਨ ਲਈ ਨੀਯਤ ਹੋਇਆ ।
- ਦੂਜੇ ਹਿਸੇ ਵਿਚ 1000 ਘੋੜ ਸਵਾਰ ਤੇ 1500 ਪੈਦਲ ਜਵਾਨ,ਸਰਦਾਰ ਦੇਸਾ ਸਿੰਘ ਮਜੀਠੀਆ ਤੇ ਸਰਦਾਰ ਫ਼ਤਹ ਸਿੰਘ ਅਹਲੂਵਾਲੀਏ ਦੀ ਕਮਾਨ ਹੇਠ ਪੱਛਮ ਵੱਲੋ ਧਾਵਾ ਕਰਨ ਲਈ ਤਿਆਰ ਕੀਤਾ ਗਿਆ।
- ਤੀਜੇ ਹਿਸੇ ਵਿਚ 2000 ਘੋੜ ਸਵਾਰ 3000 ਪੈਦਲ ਜਿਨ੍ਹਾਂ ਵਿਚ 600 ਗੋਰਖੇ ਭੀ ਸ਼ਾਮਲ ਸਨ ।ਇਸ ਜੱਥੇ ਕੋਲ ਛੇ ਛੋਟੀਆਂ ਤੋਪਾਂ ਵੀ ਸਨ।ਇਹ ਜਥਾ ਸ਼ਾਹਿਜਾਦਾ ਖੜਗ ਸਿੰਘ, ਸ੍ਰ:ਹਰੀ ਸਿੰਘ ਨਲੂਆ ਤੇ ਜਨਰਲ ਇਲਾਰਡ ਦੀ ਕਮਾਨ ਹੇਠ ,ਸਾਹਮਣੇ ਵਾਲੇ ਪਾਸੇ ਤੋਂ ਹਮਲਾ ਕਰਨ ਲਈ ਤਿਆਰ ਹੋਇਆ।ਇਸ ਵੱਡੇ ਜੱਥੇ ਦਾ ਕੰਮ ਦੁਸ਼ਮਣ ਨੂੰ ਅੱਗੇ ਵੱਧਣ ਤੋਂ ਰੋਕਣਾ ਅਤੇ ਤਾਕਤ ਨਾਲ ਪਿੱਛੇ ਨੂੰ ਧੱਕਣ ਲਈ ਨੀਅਤ ਕੀਤਾ ਗਿਆ।

ਬਾਕੀ ਸਾਰੇ ਘੋੜ ਸਵਾਰ ਅਤੇ ਪੈਦਲ ਫੌਜ ਮਹਾਂਰਾਜਾ ਰਣਜੀਤ ਸਿੰਘ ਨੇ ਅਪਣੇ ਪਾਸ ਰੱਖੀ ਤਾਂਕਿ ਜਿਸ ਪਾਸੇ ਫੋਜੀਆਂ ਦੀ ਲੋੜ ਪਵੇਗੀ ਉਸੇ ਪਾਸੇ ਮਦਦ ਪਹੁੰਚਾਈ ਜਾ ਸਕੇ।

ਹੁਣ ਜੰਗ ਦਾ ਬਿਗਲ ਵਜਾਉਣ ਦਾ ਹੁਕਮ ਹੋਇਆ।ਹਰ ਜੱਥਾ ਮਹਾਰਾਜਾ ਸਾਹਿਬ ਦੇ ਸਾਹਮਣੇਂ ਆਓਂਦਾ ਅਤੇ ਜੈਕਾਰਾ ਬੁਲਾ ਕੇ ਅੱਗੇ ਵਧ ਜਾਂਦਾ।ਮਹਾਰਾਜਾ ਰਣਜੀਤ

ਸਿੰਘ ਜੀ ਇਸ ਸਮੇਂ ਘੋੜੇ ਤੋਂ ਸਵਾਰ ਹੋ ਕੇ ਉੱਚੀ ਥਾਂ ਉਤੇ ਖੜੇ ਸਨ। ਉਨ੍ਹਾਂ ਦੇ ਹੱਥ ਵਿਚ ਲਿਸ਼ਕਾਂ ਮਾਰਦੀ ਹੋਈ ਤਲਵਾਰ ਬਿਜਲੀ ਵਾਂਗੂੰ ਲਿਸ਼ਕ ਰਹੀ ਸੀ ।ਜਦੋਂ ਕੋਈ ਜਥਾ ਜੈਕਾਰਾ ਗਜਾ ਕੇ ਮਹਾਰਾਜੇ ਕੋਲੋਂ ਗੁਜ਼ਰਦਾ ਮਹਾਰਾਜਾ ਵੀ ਅੱਗੋਂ ਤਲਵਾਰ ਲਹਿਰਾ ਕੇ ਜੰਗ ਵਿਚ ਜਾਣ ਦੀ ਵਦਾਇਗੀ ਦੇਂਦਾ।

ਜਦ ਮਹਾਰਾਜਾ ਸਾਹਿਬ ਦੇ ਸਾਹਮਣੇ ਦੂਜਾ ਜੱਥਾ ਗੁਜਰ ਰਿਹਾ ਸੀ ਬੜੀ ਤੇਜ਼ੀ ਨਾਲ ਇਕ ਸੂਹੀਆ ਆਇਆ ਅਤੇ ਖਬਰ ਦਿੱਤੀ ਕਿ ਮੁਹੰਮਦ ਅਜ਼ੀਮ ਖਾਨ 10,000 ਅਫ਼ਗਾਨ ਸਿਪਾਹੀ ਅਤੇ 50 ਵੱਡੀਆਂ ਤੋਪਾਂ ਲੈ ਕੇ ਦਰਿਆ ਲੁੰਡੇ ਤੋਂ ਫ਼ੌਜਾਂ ਨੂੰ ਪਾਰ ਚੜ੍ਹਾ ਰਿਹਾ ਹੈ ਤਾਂ ਕਿ ਤਰੱਕੀ ਪਹਾੜੀ ਉੱਤੇ ਤਾਕਤ ਵਧਾਈ ਜਾ ਸਕੇ।

ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਸਿੱਖ ਸਰਦਾਰਾਂ ਨੂੰ ਅਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਇਸ ਸਮੇਂ ਵੈਰੀ ਦਲ ਦੀ ਤਾਕਤ ਸਾਡੇ ਨਾਲੋਂ ਬਹੁਤ ਜਿਆਦਾ ਹੋ ਗਈ ਹੈ ਫਿਲਹਾਲ ਸਾਨੂੰ ਉਨ੍ਹਾਂ ਉਪਰ ਹਮਲਾ ਨਹੀ ਕਰਨਾ ਚਾਹੀਦਾ। ਸਾਡਾ ਵੱਡਾ ਤੋਪਖਾਨਾ ਰਾਤ ਤੱਕ ਪਹੁੰਚ ਜਾਵੇਗਾ। ਫਿਰ ਦੁਬਾਰਾ ਵੈਰੀ ਦਲ ਉਪਰ ਹਮਲਾ ਕਰਨ ਲਈ ਵੀਚਾਰ ਕਰ ਲਈ ਜਾਵੇਗੀ।

ਅਕਾਲੀ ਬਾਬਾ ਫੂਲਾ ਸਿੰਘ ਜੀ ਮਹਾਰਾਜਾ ਸਾਹਿਬ ਦੀ ਇਸ ਸਲਾਹ ਨਾਲ ਸਹਿਮਤ ਨਹੀ ਸਨ। ਉਨਾਂ ਨੇ ਬੇਧੜਕ ਹੋ ਕੇ ਕਿਹਾ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਗੁਰਮਤਾ ਸੋਧ ਕੇ ਉਸ ਤੋਂ ਪਿੱਛੇ ਹਟਣਾਂ ਖਾਲਸਾ ਪੰਥ ਦੇ ਅਸੂਲਾਂ ਦੇ ਵਿਰੁੱਧ ਹੈ। ਇਸ ਲਈ ਵੈਰਿਆਂ ਉੱਪਰ ਹਮਲਾ ਕਰਣ ਤੋਂ ਉਹ ਰੁਕ ਨਹੀ ਸਕਦੇ। ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਸਮਝਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ ਰਿਹਾ। ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਮੁੜ ਦੁਹਰਾ ਦਿੱਤਾ ਕਿ ਉਹ ਗੁਰਮਤੇ ਦੇ ਵਿਰੁੱਧ ਜਾਣ ਨਾਲੋਂ ਸ਼ਹੀਦ ਹੋ ਜਾਣ ਨੂੰ ਚੰਗਾ ਸਮਝਣਗੇ। ਇਸ ਪਿੱਛੋਂ ਅਕਾਲੀ ਫੂਲਾ ਸਿੰਘ ਜੀ ਨੇ ਅਪਨੇ ਅਧੀਨ ਜੱਥੇ ਸਮੇਤ ਵੈਰੀ ਦਲ ਉਤੇ ਚੜਾਈ ਕਰ ਦਿੱਤੀ। ਸਤਿ ਸ੍ਰੀ ਅਕਾਲ ਦੇ ਜੈਕਾਰਿਆ ਨਾਲ ਆਸਮਾਨ ਗੂੰਜ ਉੱਠਿਆ। ਘੋੜਿਆਂ ਦੀ ਮਦਦ ਨਾਲ ਲੁੰਡਾ ਦਰਿਆ ਪਾਰ ਕਰਕੇ ਬੜੀ ਵਿਉਂਤਬੰਦੀ ਨਾਲ ਸਾਹਮਣੇ ਆਏ ਦੁਸ਼ਮਣ ਉਤੇ ਹਮਲਾ ਕਰ ਦਿੱਤਾ'। ਮਸਤਾਨੇ ਹੋਏ ਗਾਜ਼ੀ ਪਠਾਣਾਂ ਨੇ ਅਕਾਲੀਆਂ ਦੇ ਇਸ ਜੱਥੇ ਉੱਤੇ ਕਹਿਰਾਂ ਦੀ ਅੱਗ ਬਰਸਾਈ। ਇਧਰ ਬਾਬਾ ਫੂਲਾ ਸਿੰਘ ਘੋੜੇ ਉਤੇ ਸਵਾਰ ਅਪਣੇ ਜੱਥੇ ਨੂੰ ਅੱਗੇ ਤੋਂ ਅੱਗੇ ਵਧਾਂਦਾ ਹੋਇਆ ਦੁਸਮਣ ਦੇ ਆਹੂ ਲਾਹ ਰਿਹਾ ਸੀ।

ਹੁਣ ਤੱਕ ਦੀਆਂ ਸਾਰਿਆਂ ਲੜਾਈਆਂ ਵਿਚ ਬਾਬਾ ਫੂਲਾ ਸਿੰਘ ਦੇ ਜੱਥੇ ਦੀ ਸਫ਼ਲਤਾ ਦਾ ਵੱਡਾ ਰਾਜ ਹੀ ਇਹ ਸੀ ਕਿ ਉਹ ਪਲਕ ਝਪਕਦੇ ਹੀ ਵੈਰੀ ਉਪਰ ਟੁਟ ਪੈਂਦੇ ਅਤੇ ਉਸ ਦੇ ਸੰਭਲਣ ਤੋਂ ਪਹਿਲਾਂ ਹੀ ਉਹ ਤਲਵਾਰ ਚਲਾਉਂਦੇ ਕਿ ਦੁਸ਼ਮਣ ਅਪਣੀ ਸੁੱਧ-ਬੁੱਧ ਗਵਾ ਬੈਠਦਾ। ਜਾਂ ਤਾਂ ਵੈਰੀ ਮਾਰਿਆ ਜਾਂਦਾ ਜਾ ਸਿਰ ਉਤੇ ਪੈਰ ਰੱਖ ਕੇ ਮੈਦਾਨ

ਵਿਚੋਂ ਨੱਸ ਜਾਦਾ। ਉਸ ਸਮੇਂ ਇਹ ਗੱਲ ਬੜੀ ਪ੍ਰਸਿੱਧ ਸੀ ਕਿ ਅਕਾਲੀਆਂ ਦੇ ਹੱਲੇ ਨੂੰ ਸਾਹਮਣੇਂ ਤੋਂ ਕੋਈ ਨਹੀ ਰੋਕ ਸਕਦਾ'।

ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰਾਂ ਪਹੁੰਚ ਗਈਆਂ ਕਿ ਬਾਬਾ ਫੂਲਾ ਸਿੰਘ ਦਾ ਜੱਥਾ ਅਣ-ਗਿਣਤ ਗਾਜੀਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਦੂਰ ਨਿਕਲ ਗਿਆ ਹੈ।ਉਸ ਨੂੰ ਇਹ ਵੀ ਪਤਾ ਲੱਗਿਆ ਕਿ ਅਕਾਲੀਆਂ ਦੇ ਜੱਥੇ ਉੱਪਰ ਤਾਬੜ-ਤੋੜ ਗੋਲੀਆਂ ਦਾ ਮੀਂਹ ਵਰਸਾਇਆ ਗਿਆ ਹੈ। ਉਸ ਦੇ ਅੰਦਰਲੇ ਕੌਮੀ ਪਿਆਰ ਨੇ ਉਛਾਲਾ ਮਾਰਿਆ ਅਤੇ ਉਸੇ ਵੇਲੇ ਬਾਕੀ ਦੋਵੇ ਜਥਿਆਂ ਨੂੰ ਵੀ ਮੈਦਾਨਿ ਜੰਗ ਵਿਚ ਛੇਤੀ ਪਹੁੰਚ ਕੇ ਅਕਾਲੀਆਂ ਦੀ ਮਦਦ ਕਰਨ ਦਾ ਹੁਕਮ ਦੇ ਦਿੱਤਾ।ਗੁਰਮਤਾ ਕਰਨ ਸਮੇਂ ਮਿਥੀ ਹੋਈ ਨੀਤੀ ਅਨੁਸਾਰ ਵੱਖ ਵੱਖ ਦਿਸ਼ਾਵਾਂ ਵੱਲੋਂ ਹੱਲਾ ਬੋਲਿਆ ਗਿਆ । ਬੜਾ ਭਿਆਨਕ ਜੰਗ ਮੱਚ ਪਿਆ। ਦੋਹਾਂ ਪਾਸਿਆਂ ਦੇ ਸੂਰਮੇ ਜਮੀਂਨ ਉਪਰ ਰੁਲਣ ਲੱਗੇ । ਗੋਲੀਆਂ ਅਤੇ ਜਖ਼ਮੀਆਂ ਦੇ ਚੀਕ ਚਿਹਾੜੇ ਨਾਲ ਅਸਮਾਨ ਗੂੰਜ ਉਠਆ ।

ਦੁਪਹਿਰ ਪਿੱਛੋ ਵੈਰੀ ਕੁਝ ਅੱਗੇ ਵਧ ਆਇਆ ਜਿਸ ਤੋਂ ਮਹਾਂਰਾਜਾ ਬਹੁਤ ਚਿੰਤਤ ਸੀ ਅਚਾਨਕ ਉਸ ਨੇ ਕੀ ਦੇਖਿਆ ਕਿ ਬਾਬਾ ਫੂਲਾ ਸਿੰਘ ਜੀ ਆਪਣੇ ਜੱਥੇ ਸਮੇਤ ਬੜੀ ਤੇਜ਼ੀ ਨਾਲ ਗਾਜੀਆਂ ਦੇ ਬਹੁਤ ਨੇੜੇ ਪਹੁੰਚ ਗਏ ਹਨ ਅਤੇ ਬੱਬਰ ਸ਼ੇਰ ਵਾਂਗੂੰ ਦਹਾੜਦੇ ਹੋਏ ਦਸ਼ਮਣ ਦੇ ਸੀਨੇ ਨੂੰ ਚੀਰਨ ਲੱਗ ਪਏ ਹਨ।

ਬਾਬਾ ਜੀ ਅਤੇ ਉਨਾਂ ਦਾ ਘੋੜਾ ਜਖ਼ਮੀ ਹੋ ਗਿਆ ਝੱਟ ਬਾਬਾ ਫੂਲਾ ਸਿੰਘ ਜੀ ਹਾਥੀ ਉਪਰ ਸਵਾਰ ਹੋ ਗਏ।ਬਾਬਾ ਜੀ ਨੂੰ ਘੋੜੇ ਤੋਂ ਲੱਥਾ ਦੇਖ ਕੇ ਸਾਰੇ ਅਕਾਲੀ ਸੂਰਮੇ ਅਪਣੇ-ਅਪਣੇ ਘੋੜਿਆਂ ਤੋਂ ਥੱਲੇ ਉਤੱਰ ਆਏ ਅਤੇ ਘੋੜੇ ਖੁੱਲੇ ਛੱਡ ਦਿੱਤੇ।ਘੋੜਿਆਂ ਨੇ ਦੁਲੱਤਿਆਂ ਮਾਰ-ਮਾਰ ਕੇ ਅਨੇਕਾਂ ਵੈਰੀਆਂ ਨੂੰ ਚਿਤ ਕਰ ਦਿੱਤਾ।

ਅਕਾਲੀ ਸਿੰਘਾ ਨੇ ਇਸ ਤਰ੍ਹਾਂ ਤਲਵਾਰ ਚਲਾਈ ਜਿਵੇਂ ਕਿਸਾਨ ਵਾੜੀਆਂ ਵਿਚ ਕੱਣਕ ਵੱਢਣ ਲਈ ਦਾਤਰੀ ਚਲਾਉਂਦਾ ਹੈ।ਗਾਜੀਆਂ ਨੂੰ ਇਸ ਪ੍ਰਕਾਰ ਦੀ ਲੜਾਈ ਦਾ ਕਦੇ ਖਿਆਲ ਤੱਕ ਵੀ ਨਹੀ ਸੀ।ਬਾਬਾ ਫੂਲਾ ਸਿੰਘ ਨੂੰ ਇਸ ਪ੍ਰਕਾਰ ਯੁੱਧ ਕਰਦਿਆਂ ਦੇਖ ਕੇ ਸਹਿਜ਼ਾਦਾ ਖੜਗ ਸਿੰਘ ਨੇ ਅਪਣਾ ਦਸਤਾ ਬਾਬਾ ਜੀ ਦੀ ਮਦਦ ਲਈ ਅੱਗੇ ਕੀਤਾ। ਉਧਰ ਜਨਰਲ ਇਲਾਰਡ ਦਾ ਫੌਜੀ ਰਸਾਲਾ ਵੀ ਨੇੜੇ ਆ ਗਿਆ।ਹੁਣ ਤੱਕ ਮੈਦਾਨ ਵਿਚ ਮਹਾਰਾਜੇ ਦਾ ਵੱਡਾ ਤੋਪਖਾਨਾ ਵੀ ਪਹੁੰਚ ਗਿਆ ਸੀ।

ਦੁਸ਼ਮਨ ਫੌਜ ਵਿਚ ਘਬਰਾਹਟ ਫੈਲ ਗਈ ਅਤੇ ਸਿਪਾਹੀਆਂ ਦੇ ਪੈਰ ਖਿਸਕਣ ਲੱਗ ਪਏ।ਇਹ ਦੇਖ ਕੇ ਬਾਬਾ ਜੀ ਨੇ ਹਾਥੀ ਉਪਰੋਂ ਅਪਣੇ ਜੱਥੇ ਨੂੰ ਲਲਕਾਰਿਆ ਕਿ ਖਾਲਸਾ ਜੀ ਮੈਦਾਨ ਆਪ ਦੇ ਹੱਥ ਆਉਣ ਵਾਲਾ ਹੈ।ਦੇਖਿਉ ਕਿਤੇ ਕੋਈ ਵੈਰੀ ਤੁਹਾਡੇ ਕੋਲੋਂ ਬਚ ਕੇ ਨਾ ਨਿਕਲ ਜਾਵੇ । ਅਕਾਲੀ ਫੂਲਾ ਸਿੰਘ ਨੇ ਅਪਣਾਂ ਹਾਥੀ ਹੋਰ ਅੱਗੇ ਵਧਾਇਆ ਅਤੇ ਹੋ ਰਹੀ ਕਤਲਿ-ਆਮ ਵਿਚ ਜਾ ਵੜੇ । ਇਕ ਵੱਡੇ ਪੱਥਰ ਪਿੱਛੇ ਛੁਪ

ਕੇ ਬੈਠ ਹੋਏ ਪਠਾਨ ਨੇ ਆਪਣੀ ਕਾਰਬਾਈਨ ਚਲਾ ਦਿੱਤੀ ਜਿਸ ਕਾਰਨ ਇਕ ਗੋਲੀ ਬਾਬਾ ਜੀ ਦੇ ਮੋਢੇ ਨੂੰ ਆਣ ਲੱਗੀ ਪਰ ਜੰਗੀ ਸੰਜੋਅ ਪਹਿਨੀ ਹੋਣ ਕਰਕੇ ਬਚਾਅ ਹੋ ਗਿਆ। ਮੈਦਾਨਿ ਜੰਗ ਵਿਚੋਂ ਨੱਸੇ ਜਾਂਦੇ ਗਾਜੀਆਂ ਦਾ ਅਕਾਲੀਆਂ ਨੇ ਦੂਰ ਦੂਰ ਤੱਕ ਪਿੱਛਾ ਕੀਤਾ । ਨੱਸੇ ਜਾਂਦੇ ਇਕ ਪਠਾਨ ਨੇ ਮੌਕਾ ਤਾੜ ਕੇ ਬਾਬਾ ਫੂਲਾ ਸਿੰਘ ਨੂੰ ਨਿਸ਼ਾਨਾ ਬਣਾਂ ਕੇ ਕਾਰਬਾਈਨ ਚਲਾ ਦਿੱਤੀ ਜਿਸ ਦੀਆਂ ਗੋਲੀਆਂ ਬਾਬਾ ਜੀ ਨੂੰ ਲੱਗ ਗਈਆਂ। ਉਸ ਪਠਾਨ ਨੂੰ ਕਰਨਲ ਮਹਾਂ ਸਿੰਘ ਨੇ ਜੋ ਕਿ ਨੇੜੇ ਹੀ ਸੀ ,ਆਪਣੀ ਤਲਵਾਰ ਨਾਲ ਟੋਟੇ ਟੋਟੇ ਕਰ ਦਿੱਤਾ ।

ਬਹਾਦਰ ਅਕਾਲੀਆਂ ਦਾ ਜੱਥਾ ਜਦ ਵੈਰੀਆਂ ਨੂੰ ਭਜਾ ਕੇ ਵਾਪਸ ਮੁੜਿਆ ਤਾਂ ਬਾਬਾ ਫੂਲਾ ਸਿੰਘ ਦੀ ਸ਼ਹੀਦੀ ਦੀ ਖਬਰ ਨੇ ਸਾਰਿਆਂ ਦੇ ਕਲੇਜੇ ਨੂੰ ਚੀਰ ਕੇ ਰੱਖ ਦਿੱਤਾ । ਮਹਾਰਾਜਾ ਰਣਜੀਤ ਸਿੰਘ ਨੇ ਜਦ ਇਹ ਖਬਰ ਸੁਣੀ ਉਸ ਦੀਆਂ ਅੱਖਾਂ ਵਿਚੋਂ ਪਿਆਰ ਦੇ ਹੰਝੂ ਝਰਨਿਆਂ ਵਾਂਗ ਫੁੱਟ ਪਏ । ਉਸ ਨੇ ਗਮਗੀਨ ਮਾਹੌਲ ਵਿਚ ਇਕ ਕੀਮਤੀ ਸ਼ਾਲ ਮੰਗਵਾ ਕੇ ਬਾਬਾ ਜੀ ਦੇ ਸ਼ਰੀਰ ਉੱਪਰ ਪਾਇਆ । ਅਗਲੇ ਦਿਨ ਸਵੇਰੇ ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਸਸਕਾਰ ਲੁੰਡੇ ਦਰਿਆ ਦੇ ਕਿਨਾਰੇ ਕੀਤਾ ਗਿਆ ਅਤੇ ਮਹਾਰਾਜਾ ਸਾਹਿਬ ਆਪ ਇਸ ਸਮੇਂ ਹਾਜਰ ਸਨ। ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਜੀ ਦੀ ਅਦੁੱਤੀ ਬਹਾਦਰੀ ਅਤੇ ਪੰਥਕ ਪਿਆਰ ਦੀ ਰੱਜ ਕੇ ਸ਼ਲਾਘਾ ਕੀਤੀ ਅਤੇ ਕਿਹਾ ਕਿ ਅੱਜ ਖਾਲਸਾ ਰਾਜ ਦਾ ਇਕ ਮਜਬੂਤ ਥੰਮ ਟੁੱਟ ਗਿਆ ਹੈ।

: ਸਮੁੱਚੇ ਜੀਵਨ ਉਤੇ ਇਕ ਝਾਤ :

ਡੀਲ – ਡੌਲ :

ਬਾਬਾ ਫੂਲਾ ਸਿੰਘ ਜੀ ਦਾ ਸ਼ਰੀਰ ਗੱਠਿਆ ਹੋਇਆ ਅਤੇ ਸੁਡੌਲ ਸੀ ।ਆਪ ਜੀ ਦਾ ਕੱਦ ਬੇਸ਼ੱਕ ਜਿਆਦਾ ਲੰਮਾਂ ਨਹੀਂ ਸੀ ਪਰ ਸ਼ਰੀਰ ਦੀ ਫੁਰਤੀ ਬਿਜਲੀ ਵਰਗੀ ਸੀ । ਚਿਹਰਾ ਮੋਹਰਾ ਬਹੁਤ ਸੁੰਦਰ ਅਤੇ ਦਿਦਾਰੀ ਗੁਰਸਿੱਖਾਂ ਵਾਲਾ ਸੀ । ਸਾਰੀ ਉਮਰ ਉਨ੍ਹਾਂ ਨੂੰ ਕਦੇ ਕਿਸੇ ਨੇ ਬੀਮਾਰ ਹੋਇਆ ਨਹੀ ਦੇਖਿਆ ਸੀ। ਚਿਹਰੇ ਅਤੇ ਸਰੀਰ ਨੂੰ ਦੇਖ ਕੇ ਉਨਾਂ ਦੀ ਉਮਰ ਦਾ ਠੀਕ ਅੰਦਾਜਾ ਨਹੀ ਸੀ ਲਗਾਇਆ ਜਾ ਸਕਦਾ ।

ਜਾਹੋ – ਜਲਾਲ :

ਆਪ ਜੀ ਦਾ ਚਿਹਰਾ ਗਦ-ਗਦ ਕਰਦਾ ਹੋਇਆ ਬੜਾ ਪ੍ਰਭਾਵਸ਼ਾਲੀ ਸੀ। ਵੱਡੇ ਵੱਡੇ ਬਹਾਦਰ ਵੈਰੀ ਇਨ੍ਹਾਂ ਨੂੰ ਦੇਖ ਕੇ ਹੀ ਘਬਰਾ ਜਾਂਦੇ ਸਨ। ਆਪ ਜੀ ਦੇ ਚਿਹਰੇ ਨੂੰ ਦੇਖ ਕੇ ਤੇਜ ਨਹੀ ਸੀ ਝੱਲਿਆ ਜਾਂਦਾ। ਨਵਾਬ ਮੁਜ਼ਫਰ ਖਾਨ ਮੁਲਤਾਨ ਦੀ ਜੰਗ ਸਮੇਂ ਜਦੋਂ ਬਾਬਾ ਜੀ ਉਪਰ ਹਮਲਾ ਕਰਨ ਲਈ ਅੱਗੇ ਆਇਆਂ ਤਾਂ ਚਿਹਰੇ ਵੱਲ ਦੇਖ ਕੇ ਐਸਾ ਪ੍ਰਭਾਵਿਤ ਹੋਇਆ ਕਿ ਵਾਰ ਕਰਨ ਲਈ ਚੁੱਕੀ ਹੋਈ ਕ੍ਰਿਪਾਨ ਬਿਨਾਂ ਵਾਰ ਕਰਨ ਦੇ ਹੀ ਨਵਾਬ ਦੇ ਹੱਥੋਂ ਡਿੱਗ ਪਈ। ਆਪ ਜੀ ਦਾ ਬੋਲ ਬੜਾ ਖਿੱਚ ਪਾਉਣ ਵਾਲਾ ਸੀ।

ਪਰਪੱਕਤਾ :

ਬਾਬਾ ਫੂਲਾ ਸਿੰਘ ਜੀ ਆਪਣੇ ਇਰਾਦੇ ਦੇ ਬੜੇ ਪਰਪੱਕ ਸਨ। ਜੋ ਬਚਨ ਕਰ ਦੇਂਦੇ ਸਨ ਜਾਨ ਦੀ ਬਾਜੀ ਲਗਾ ਕੇ ਵੀ ਉਸ ਦੀ ਪਾਲਣਾਂ ਕਰਦੇ ਸਨ।ਪੰਥ ਪ੍ਰਸਤੀ ਇਤਨੀ ਸੀ ਕਿ ਬੇਸ਼ੱਕ ਸਾਰੀ ਦੁਨੀਆਂ ਇਕ ਪਾਸੇ ਹੋ ਜਾਵੇ ਪਰ ਉਹ ਪੰਥਕ ਹਿਤ ਅਤੇ ਪਿਆਰ ਲਈ ਹੀ ਕੰਮ ਕਰਦੇ। ਜਦ ਕਦੇ ਉਹ ਕਿਸੇ ਵੱਡੀ ਮੁਸੀਬਤ ਵਿਚ ਘਿਰੇ ਹੋਣ ਕਰਕੇ ਕੁਝ ਉਦਾਸ ਹੁੰਦੇ ਤਾਂ ਉਸ ਸਮੇਂ ਉਹਨਾਂ ਦੇ ਚਿਹਰੇ ਦਾ ਜਲਾਲ ਸਧਾਰਨ ਹਾਲਤ ਨਾਲੋਂ ਵੱਧ ਹੁੰਦਾ ਸੀ।

ਨੌਸ਼ਹਿਰੇ ਦੀ ਲੜਾਈ ਸਮੇਂ ਗੁਰਮਤਾ ਕਰ ਲੈਣ ਤੋਂ ਪਿੱਛੋਂ ਮਹਾਂਰਾਜਾ ਸਾਹਿਬ ਕੁਝ ਆਨਾ-ਕਾਨੀ ਕਰਨ ਲੱਗ ਪਏ। ਪਰ ਆਪ ਜੀ ਨੇ ਦ੍ਰਿੜ ਇਰਾਦੇ ਨਾਲ ਗੁਰਮਤੇ ਉਤੇ ਪਹਿਰਾ ਦਿੱਤਾ। ਜਿਸ ਕਰਕੇ ਪਿੱਛੋ ਮਹਾਂਰਾਜਾ ਰਣਜੀਤ ਸਿੰਘ ਵੀ ਮਜਬੂਰੀ ਵੱਸ ਗੁਰਮਤੇ ਅਨੁਸਾਰ ਅਮਲ ਕਰਨ ਲਈ ਤਿਆਰ ਹੋ ਗਿਆ ।ਸਾਰੀ ਉਮਰ ਆਪ ਜੀ ਨੇ ਗੁਰਮਤੇ ਦੀ ਪਵਿਤ੍ਰਤਾ ਕਾਇਮ ਰੱਖਣ ਲਈ ਸੇਵਾ ਨਿਭਾਈ।

ਨਿਡਰਤਾ :

ਅਕਾਲੀ ਬਾਬਾ ਫੂਲਾ ਸਿੰਘ ਇਸ ਤਰਾਂ ਦਾ ਯੋਧਾ ਸੀ ਜਿਸ ਦੇ ਨੇੜੇ ਕਦੇ ਕੋਈ ਡਰ ਜਾਂ ਖੌਫ਼ ਨਹੀ ਸੀ ਆਉਂਦਾ ।ਮੁਲਤਾਨ ਦੇ ਕਿਲ੍ਹੇ ਵਿਚੋਂ ਜਦ ਗਾਜ਼ੀ ਤੋਪਾਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ ਅਤੇ ਹਜ਼ਾਰਾ ਭੂਤਰੇ ਹੋਏ ਗਾਜ਼ੀ ਕਿਲ੍ਹੇ ਨੂੰ ਬਚਾਣ ਲਈ ਸਿਰ ਧੜ ਦੀ ਬਾਜੀ ਲਗਾਉਣ ਲਈ ਤਿਆਰ ਖੜੇ ਸਨ ਤਾਂ ਇਹ ਬੇਖੌਫ ਹੋਕੇ ਕੁਝ ਗਿਣਤੀ ਦੇ ਅਕਾਲੀ ਸੂਰਮਿਆਂ ਨੂੰ ਨਾਲ ਲੈ ਕੇ ਕਿਲ੍ਹੇ ਉਪਰ ਟੁਟ ਪਿਆ। ਜਿਸ ਬਹਾਦਰੀ ਨਾਲ ਕਿਲ੍ਹੇ ਉਪਰ ਕਬਜਾ ਕੀਤਾ ਦੁਨੀਆਂ ਵਿਚ ਉਸ ਦੀ ਮਿਸਾਲ ਮਿਲਨੀ ਕਠਨ ਹੈ।

ਉਹ ਏਨਾਂ ਬੇ-ਧੜਕ ਅਤੇ ਦਲੇਰ ਸੀ ਕਿ ਆਪ ਖੁਦ ਹੱਥ ਵਿਚ ਤਲਵਾਰ ਲੈ ਕੇ ਅਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਦੁਸ਼ਮਣ ਦੇ ਸਿਰ`ਤੇ ਅਸਮਾਨੀ ਬਿਜਲੀ ਵਾਂਗੂੰ ਜਾ ਕੜਕਦਾ। ਉਸ ਦੀਆਂ ਜਿੱਤਾ ਦਾ ਮੁੱਖ ਕਾਰਨ ਉਸ ਦੀ ਤੇਜੀ ਅਤੇ ਜੱਕੋ ਤੱਕੋ ਵਿਚ ਨਾ ਪੈਣ ਦਾ ਸੁਭਾਅ ਸੀ।ਓਹ ਤੁਰੰਤ ਹੀ ਆਪਣੇ ਵੈਰੀ ਦੇ ਜਾ ਗਲ ਪੈਂਦਾ ਅਤੇ ਉਸ ਨੂੰ ਸੰਭਲਣ ਤੋਂ ਪਹਿਲਾਂ ਹੀ ਮਾਰ ਮੁਕਾਉਂਦਾ।

ਪੰਥ ਪ੍ਰਸਤੀ :

ਅਕਾਲੀ ਬਾਬਾ ਫੂਲਾ ਸਿੰਘ ਬੜੇ ਦਲੇਰ ਸੁਭਾਆ ਦਾ ਮਾਲਕ ਸੀ । ਜਿਹੜੀ ਗੱਲ ਕਿਸੇ ਨੂੰ ਕਹਿਣੀ ਜਰੂਰੀ ਸਮਝਦੇ ਬਿਨਾਂ ਕਿਸੇ ਵਾਧ ਘਾਟ ਦੇ ਕਹਿ ਸੁਣਾਉਂਦੇ। ਖਾਲਸਾ ਰਾਜ ਜਦ ਡੋਗਰਿਆਂ ਦੀਆਂ ਚਾਲਾਂ ਕਾਰਨ ਖਤਰੇ ਵਿਚ ਪੈਂਦਾ ਦੇਖਿਆ ਤਾਂ ਇਹ ਬਾਬਾ ਫੂਲਾ ਸਿੰਘ ਦਾ ਹੀ ਕੰਮ ਸੀ ਕਿ ਮਹਾਰਾਜੇ ਨੂੰ ਸਾਫ-ਸਾਫ ਕਹਿ ਦਿੱਤਾ ਕਿ ਡੋਗਰਿਆਂ ਦੇ ਪਾਲਕਾ ਖਾਲਸਾ ਪੰਥ ਨੂੰ ਮੰਝਧਾਰ ਵਿਚ ਕਿਉਂ ਡੋਬਣ ਲੱਗਾਂ ਏਂ।

ਸੱਚਾ ਪਹਿਰੇਦਾਰ :

ਇਕ ਵਾਰ ਮਹਾਰਾਜਾ ਰਣਜੀਤ ਸਿੰਘ ਇਕ ਭੁੱਲ ਕਰਨ ਪਿਛੋਂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਲਈ ਆਇਆ।ਉਹ ਅਜੇ ਵੱਡੀ ਪ੍ਰਕਰਮਾਂ ਕਰਕੇ ਦਰਸ਼ਨੀ ਡਿਉਡੀ ਕੋਲ ਹੀ ਪਹੁੰਚਿਆ ਸੀ ਕਿ ਕਿਸੇ ਨੇ ਅਕਾਲੀ ਫੂਲਾ ਸਿੰਘ ਨੂੰ ਇਹ ਦੱਸ ਦਿੱਤਾ।ਬਾਬਾ ਜੀ ਅੱਖ ਦੇ ਫੋਰ ਵਿਚ ਨੰਗੀ ਕ੍ਰਿਪਾਨ ਹੱਥ ਵਿਚ ਲੈ ਕੇ ਤੂਫਾਨ ਦੀ ਤਰਾਂ ਦਰਸ਼ਨੀ ਡਿਉਡੀ ਦੇ ਦਰਵਾਜੇ ਕੋਲ ਅਣ ਖਲੋਤੇ ।ਉਨ੍ਹਾਂ ਨੇ ਬੜੇ ਕਰੜੇ ਸ਼ਬਦਾਂ ਵਿਚ ਮਹਾਰਾਜਾ ਸਾਹਿਬ ਨੂੰ ਕਿਹਾ,'ਖ਼ਬਰਦਾਰ !ਵੇਖੀਂ ਕਿਤੇ ਡਿਉਡੀ ਦੇ ਅੰਦਰ ਪੈਰ ਨਾ ਪਾਵੀਂ, ਗੁਰੂ ਦੇ ਦਰ ਤੇ ਤੇਰੇ ਵਰਗੇ ਤਨਖਾਹੀਆਂ ਲਈ ਕੋਈ ਥਾਂ ਨਹੀ ਹੈ''।

ਮਹਾਰਾਜਾ ਰਣਜੀਤ ਸਿੰਘ ਉਸੇ ਸਮੇਂ ਡਿਉੜੀ ਤੋਂ ਕੁਝ ਪਿੱਛੇ ਹੱਟ ਗਿਆ ਅਤੇ ਦੋਵੇਂ ਹੱਥ ਜੋੜ ਕੇ ਖਲੋ ਗਿਆ ।ਨਿਮਰਤਾ ਭਰੇ ਲਹਿਜੇ ਵਿਚ ਬਾਬਾ ਜੀ ਨੂੰ ਕਹਿਣ ਲੱਗਾ ਕਿ ਮੇਰੇ ਤੋਂ ਜਿਹੜੀ ਭੁੱਲ ਹੋਈ ਹੈ ,ਮੈਂ ਉਹ ਬਖਸ਼ਾਉਣ ਲਈ ਤਿਆਰ ਹਾਂ ।ਸੰਗਤ ਮੇਰੇ ਉਤੇ ਮਿਹਰ ਕਰਕੇ ਬਖਸ ਦੇਵੇ।

ਬਾਬਾ ਫੂਲਾ ਸਿੰਘ ਜੀ ਨੇ ਮਹਾਰਾਜੇ ਨੂੰ ਸੰਗਤ ਦੀ ਸਲਾਹ ਨਾਲ ਇਮਲੀ ਦੇ ਦਰਖਤ ਨਾਲ ਬੰਨ ਕੇ 21 ਕੋੜੇ ਲਗਾਉਣ ਦਾ ਦੰਡ ਨੀਯਤ ਕੀਤਾ,ਜਿਸ ਨੂੰ ਮਹਾਰਾਜਾ ਸਾਹਿਬ ਨੇ ਨਿਮਰਤਾ ਸਹਿਤ ਅਪਣੇ ਧੰਨ ਭਾਗ ਜਾਣਦੇ ਹੋਏ ਪ੍ਰਵਾਨ ਕੀਤਾ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇਂ ਨਜਾਰਾ ਬੜਾ ਅਜੀਬ ਬਣ ਗਿਆ। ਦੇਖੋਂ!ਉਹ ਮਹਾਰਾਜਾ ,ਜਿਸ ਕੋਲੋਂ ਕਾਬਲ ਕੰਧਾਰ ਤੱਕ ਦੇ ਵੱਡੇ-ਵੱਡੇ ਜਾਲਮ ਪਠਾਨ ਥਰ ਥਰ ਕੰਬਦੇ ਸਨ ਅਤੇ ਜਿਸ ਦੇ ਸਾਹਮਣੇ ਕੋਈ ਧੌਣ ਉੱਚੀ ਕਰਕੇ ਗੱਲ ਕਰਨ ਦੀ ਹਿੰਮਤ ਨਹੀ ਸੀ ਕਰਦਾ ।ਅੱਜ ਉਹ ਆਪ ਸ੍ਰੀ ਅਕਾਲ ਤੱਖਤ ਸਾਹਿਬ ਦੇ ਸਾਹਮਣੇ ਪੰਥ ਕੋਲੋ ਭੁੱਲ ਬਖਸ਼ ਵਾਉਣ ਲਈ ਆਪ ਹੀ ਇਮਲੀ ਦੇ ਦਰਖ਼ਤ ਕੋਲ ਜਾ ਖਲੋਤਾ ਅਤੇ ਆਪਣੀਆਂ ਬਾਹਾਂ ਬੰਨਣ ਲਈ ਪਿੱਛੇ ਨੂੰ ਕਰ ਦਿੱਤੀਆ।ਕੋੜੇ ਮਾਰਨ ਵਾਲਾ ਸਿੰਘ ਵੀ ਕੋੜਾ ਲੈ ਕੇ ਆ ਗਿਆ ।ਪਰ ਹਾਜ਼ਰ ਸੰਗਤ ਨੇ ਜਦ ਸ਼ੇਰੇ ਪੰਜਾਬ ਦੀ ਨਿਮਰਤਾ ਅਤੇ ਝੁਕੇ ਹੋਏ ਨੇਤਰ ਤੱਕੇ ਤਾਂ ਆਵਾਜ ਦਿੱਤੀ ਕਿ ਬਾਬਾ ਜੀ ਜਦ ਮਹਾਰਾਜਾ ਬੱਧਾ ਪਿਆ,ਸਜਾ ਭੁਗਤਨ ਨੂੰ ਤਿਆਰ ਹੈ ਤਾਂ ਇਹਨਾਂ ਨੂੰ ਸਰੀਰਕ ਸਜਾ ਤੋਂ ਬਖ਼ਸ਼ ਦਿੱਤਾ ਜਾਵੇ'।ਇਹ ਗੱਲ ਪ੍ਰਵਾਨ ਕੀਤੀ ਗਈ ।ਮਹਾਰਾਜੇ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਇਸ ਪਿੱਛੋਂ ਹੀ ਦਰਸ਼ਨਾ ਲਈ ਅੰਦਰ ਵੜਨ ਦਿੱਤਾ। ਕਾਸ਼! ਅੱਜ ਵੀ ਐਸਾ ਵਾਤਾਵਰਨ ਬਣ ਜਾਏ ।ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਹੀ ਕੀਤੀ ਜਾ ਸਕਦੀ ਹੈ ।

ਗੁਰਬਾਣੀ ਨਾਲ ਪਿਆਰ :

ਅਕਾਲੀ ਬਾਬਾ ਫੂਲਾ ਸਿੰਘ ਜੀ ਗੁਰਬਾਣੀ ਨਾਲ ਦਿਲੋਂ ਪਿਆਰ ਕਰਦੇ ਸਨ।ਉਹ ਹਰ ਸਮੇਂ ਗੁਰਬਾਣੀ ਦੇ ਰੰਗ ਵਿਚ ਰੰਗੇ ਰਹਿੰਦੇ ਸਨ।ਉਨ੍ਹਾਂ ਅੰਦਰ ਦ੍ਰਿੜਤਾ,ਬਹਾਦਰੀ

ਪੰਥ-ਪ੍ਰਸਤੀ ਨਿਰਵੈਰਤਾ ਵਰਗੇ ਸਾਰੇ ਗੁਣ ਗੁਰਬਾਣੀ ਕਰਕੇ ਹੀ ਸਨ। ਉਹ ਬਹੁਤ ਘੱਟ ਸਾਉਂਦੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਸੁਣਨ ਦੇ ਪੱਕੇ ਨੇਮਬੱਧ ਸਨ। ਜੰਗ ਵਿਚ ਹੁੰਦੇ ਜਾਂ ਡੇਰੇ ਵਿਚ ਦੋਨੋਂ ਵਕਤ ਦੀਵਾਨ ਜ਼ਰੂਰ ਸੱਜਦਾ। ਦੁਸ਼ਮਣ ਉਪਰ ਚੜ੍ਹਾਈ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈਂਦੇ ਅਤੇ ਪਿੱਛੋਂ ਚਾਲੇ ਪਾਉਂਦੇ। ਆਪ ਜੀ ਨੇ ਆਪਣਾ ਆਪ ਖਾਲਸਾ ਪੰਥ ਦੀ ਸ਼ਾਨ ਲਈ ਕੁਰਬਾਨ ਕਰ ਦਿੱਤਾ। ਜਦ ਤੱਕ ਸੰਸਾਰ ਰਹੇਗਾ ਅਮਰ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਨੂੰ ਯਾਦ ਰੱਖਿਆ ਜਾਵੇਗਾ।

***

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਲਬਧ ਪੁਸਤਕਾਂ :

ਸਿੱਖੀ ਕੀ ਹੈ (ਪੰਜਾਬੀ, ਹਿੰਦੀ, ਉਰਦੂ, ਅੰਗ੍ਰੇਜ਼ੀ)	ਭੇਟਾ ਰਹਿਤ
ਕੇਸ ਗੁਰੂ ਦੀ ਮੋਹਰ	ਭੇਟਾ ਰਹਿਤ
ਖੰਡੇ-ਬਾਟੇ ਦੀ ਪਾਹੁਲ	ਭੇਟਾ ਰਹਿਤ
ਦਸਤਾਰ (ਪੰਜਾਬੀ ਤੇ ਅੰਗਰੇਜ਼ੀ)	ਭੇਟਾ ਰਹਿਤ
ਪੁੱਤ ਸਰਦਾਰਾਂ ਦੇ	ਭੇਟਾ ਰਹਿਤ
ਸਿੱਖ ਵੀਰਾਂ ਨੂੰ ਹਲੂਣਾ	ਭੇਟਾ ਰਹਿਤ
ਬੀਬੀਆਂ ਭੈਣਾਂ ਨੂੰ ਹਲੂਣਾ	ਭੇਟਾ ਰਹਿਤ
ਸਿੱਖ ਇਤਿਹਾਸ ਵਿੱਚ ਬੀਬੀਆਂ ਦਾ ਯੋਗਦਾਨ	ਭੇਟਾ ਰਹਿਤ
ਵਿਸ਼ਵ ਭਾਈਚਾਰੇ ਦਾ ਸਾਂਝਾ ਸੰਦੇਸ਼.....	ਭੇਟਾ ਰਹਿਤ
ਵਿਸ਼ਵ ਦੀ ਸਾਂਝੀ ਵਿਰਾਸਤ.....	ਭੇਟਾ ਰਹਿਤ
ਗੁਰਬਾਣੀ ਦੇ ਸਰਲ ਨੇਮ	ਭੇਟਾ ਰਹਿਤ
ਸਿੱਖ ਧਰਮ ਅਤੇ ਨਸ਼ਾਬੰਦੀ	ਭੇਟਾ ਰਹਿਤ
ਮੋਰਚਾ ਗੁਰੂ ਕਾ ਬਾਗ	ਭੇਟਾ ਰਹਿਤ
ਮੋਰਚਾ ਗੰਗਸਰ ਜੈਤੋ	ਭੇਟਾ ਰਹਿਤ
ਸਾਕਾ ਨਨਕਾਣਾ ਸਾਹਿਬ	ਭੇਟਾ ਰਹਿਤ
ਰਾਜ ਕਰੇਗਾ ਖਾਲਸਾ	ਭੇਟਾ ਰਹਿਤ
ਭਾਰਤ ਦੀ ਆਜ਼ਾਦੀ ਵਿੱਚ ਸਿੱਖਾਂ ਦਾ.....	ਭੇਟਾ ਰਹਿਤ
ਸੁਤੰਤਰਤਾ ਸੰਗ੍ਰਾਮ ਤੇ ਸਿੱਖ	ਭੇਟਾ ਰਹਿਤ
ਸਿੰਘ ਸਭਾਵਾਂ ਦਾ ਪਿਛੋਕੜ ਅਤੇ.....	ਭੇਟਾ ਰਹਿਤ
ਮੁਸੀਬਤ ਸਮੇਂ ਖਾਲਸਾ	ਭੇਟਾ ਰਹਿਤ
ਸਿੱਖ ਧਰਮ ਵਿੱਚ ਪਾਲੇਟਿਕਸ ਅਤੇ.....	ਭੇਟਾ ਰਹਿਤ
ਪਲੇ ਤੈਡੈ ਲਾਗੀ	ਭੇਟਾ ਰਹਿਤ
ਅੰਤੇ ਸਤਿਗੁਰੂ ਬੋਲਿਆ	ਭੇਟਾ ਰਹਿਤ
ਗੁਰੂ ਤੇਗ ਬਹਾਦਰ ਦਾ ਸੀਸ.....	ਭੇਟਾ ਰਹਿਤ
ਬਾਬਾ ਬੰਦਾ ਸਿੰਘ ਬਹਾਦਰ	ਭੇਟਾ ਰਹਿਤ
ਗਿਆਨੀ ਦਿਤ ਸਿੰਘ	ਭੇਟਾ ਰਹਿਤ
ਏਡਜ਼	ਭੇਟਾ ਰਹਿਤ
ਦੁਸ਼ਮਣਾਂ ਦੇ ਹਥਿਆਰ	ਭੇਟਾ ਰਹਿਤ
ਆਨੰਦ ਕਾਰਜ	ਭੇਟਾ ਰਹਿਤ
ਬਾਬਾ ਬਘੇਲ ਸਿੰਘ	ਭੇਟਾ ਰਹਿਤ
ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀਆਂ	ਭੇਟਾ ਰਹਿਤ
ਗੁਰੂ ਅੰਗਦ ਦੇਵ ਜੀ ਜੀਵਨ ਤੇ ਸਿੱਖਿਆ	ਭੇਟਾ ਰਹਿਤ
ਧੰਨ ਮਾਤਾ ਗੁਜਰੀ ਜੀ (ਹਿੰਦੀ)	ਭੇਟਾ ਰਹਿਤ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਹਿੰਦੀ)	ਭੇਟਾ ਰਹਿਤ
ਚਮਕੌਰ ਦੀ ਜੰਗ (ਹਿੰਦੀ)	ਭੇਟਾ ਰਹਿਤ
ਜੀਵਨ-ਸ. ਜੱਸਾ ਸਿੰਘ ਰਾਮਗੜ੍ਹੀਆ	ਭੇਟਾ ਰਹਿਤ
ਜੀਵਨ ਜੁਗਤ-ਸ੍ਰੀ ਗੁਰੂ ਗ੍ਰੰਥ ਸਾਹਿਬ (ਹਿੰਦੀ, ਪੰਜਾਬੀ ਅੰਗਰੇਜ਼ੀ)	ਭੇਟਾ ਰਹਿਤ
ਸ਼ਬਦ ਗੁਰੂ ਕਾ ਸਿੱਖ ਪ੍ਰਸੰਗ	ਭੇਟਾ ਰਹਿਤ
ਸ਼ਹੀਦੀ ਸਾਕਾ ਗੁਰੂ ਅਰਜਨ ਦੇਵ ਜੀ (ਪੰਜਾਬੀ ਉਰਦੂ)	ਭੇਟਾ ਰਹਿਤ
ਬਾਲ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	ਭੇਟਾ ਰਹਿਤ
ਗੁਰੂ ਹਰਿਗੋਬਿੰਦ ਸਾਹਿਬ ਜੀ ਸੰਖੇਪ....	ਭੇਟਾ ਰਹਿਤ
ਭਰੋਸੇ ਦਾ ਭਾਂਬੜ	ਭੇਟਾ ਰਹਿਤ
ਸ਼ਹੀਦ ਭਾਈ ਤਾਰੂ ਸਿੰਘ	ਭੇਟਾ ਰਹਿਤ
ਗੁਰਦੁਆਰਾ ਸੁਧਾਰ ਲਹਿਰ-I	ਭੇਟਾ ਰਹਿਤ
ਨਾਨਕਸ਼ਾਹੀ ਕੈਲੰਡਰ ਕਿਉਂ ਤੇ ਕਿਵੇਂ?	ਭੇਟਾ ਰਹਿਤ
ਬੱਬਰ ਅਕਾਲੀ ਲਹਿਰ	ਭੇਟਾ ਰਹਿਤ
ਜੀਵਨ ਅਕਾਲੀ ਬਾਬਾ ਫੂਲਾ ਸਿੰਘ	ਭੇਟਾ ਰਹਿਤ
ਦਾ ਸਿੱਖ (ਅੰਗਰੇਜ਼ੀ)	ਭੇਟਾ ਰਹਿਤ
ਪੰਜ ਪਿਆਰੇ-ਭਾਈ ਦਯਾ ਸਿੰਘ	2.00
ਸਿੰਘ ਸਭਾ ਲਹਿਰ	2.00
ਅਕਾਲੀ ਲਹਿਰ	2.00
ਸੰਖੇਪ ਇਤਿਹਾਸ ਗੁ. ਸੀਸ ਗੰਜ ਸਾਹਿਬ	4.00
ਵਡੇ ਕਲੂ ਮਹਿ ਸਾਕਾ	5.00
ਦਸ ਗੁਰੂ- ਉਨ੍ਹਾਂ ਦੇ ਉਪਦੇਸ	5.00
ਵਿਰਦੇ ਦੱਕ ਉਰਦੂ	5.00
ਸਿੱਖ ਧਰਮ ਦੀ ਮੁੱਢਲੀ ਪਛਾਣ (ਪੰਜਾਬੀ ਤੇ ਹਿੰਦੀ)	5.00
ਦਿੱਲੀ ਦੇ ਇਤਿਹਾਸਕ ਗੁਰਦੁਆਰੇ	10.00
ਬਾਬਾ ਬਘੇਲ ਸਿੰਘ	15.00
ਸੰਖੇਪ ਜੀਵਨ ਗੁਰੂ ਤੇਗ ਬਹਾਦਰ ਸਾਹਿਬ ਜੀ	17.00
ਅਮਰ ਕਹਾਣੀ ਸ਼ੇਰੇ ਪੰਜਾਬ ਮ: ਰਣਜੀਤ ਸਿੰਘ	20.00
ਇਤਿਹਾਸ ਦਾ ਨਿੰਘ	22.00
ਸੁੰਦਰ ਗੁਟਕਾ (ਪੰਜਾਬੀ)	23.00
ਸਿੱਖ ਬੀਰਤਾ ਦੇ ਚਿੱਤਰ	25.00
ਹਰਿਮੰਦਰ ਸਾਹਿਬ ਅਤੇ ਮ. ਰਣਜੀਤ ਸਿੰਘ	25.00